
# ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ





GET IT ON Google Play
Download on the App Store

ਈ-ਕਮੇਟੀ ਸੁਪਰੀਮ ਕੋਰਟ ਆਫ ਇੰਡੀਆ ਦੁਆਰਾ

ਸੰਚਾਰਿਤ ਕੀਤਾ ਗਿਆ

# ਈ-ਕੋਰਟਸ ਸਰਵਿਸਿਜ਼

# ਮੋਬਾਇਲ ਐਪ




ਈ-ਕਮੇਟੀ ਸੁਪਰੀਮ ਕੋਰਟ ਆਫ ਇੰਡੀਆ ਦੁਆਰਾ

ਸੰਚਾਰਿਤ ਕੀਤਾ ਗਿਆ

# ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ

## ਈ-ਕਮੇਟੀ ਸੁਪਰੀਮ ਕੋਰਟ ਆਫ ਇੰਡੀਆ
## ਦੁਆਰਾ ਸੰਚਾਰਿਤ ਕੀਤਾ ਗਿਆ


**ਲੇਖਕ**

**ਸ਼੍ਰੀਮਤੀ ਆਰ ਅਰੁਲਮੋਝਿਸੇਲਵੀ, ਐਮ.ਐਲ.**

**ਮੈਂਬਰ, (ਹਿਉਮਨ ਰਿਸੋਰਸਿਸ)**

**ਈ-ਕਮੇਟੀ, ਸੁਪਰੀਮ ਕੋਰਟ ਆਫ ਇੰਡੀਆ**

**ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ**

**ਦੁਆਰਾ ਅਨੁਵਾਦ ਕੀਤਾ ਗਿਆ :-**

**ਸ਼੍ਰੀਮਤੀ ਪਵਲੀਨ ਸਿੰਘ, ਸਿਵਲ ਜੱਜ ਜੂਨੀਅਰ ਡਿਵੀਜ਼ਨ, ਲੁਧਿਆਣਾ**

**ਸ਼੍ਰੀਮਤੀ ਕੁਸੁਮਲਤਾ, ਟਰਾਂਸਲੇਟਰ**

**ਸ਼੍ਰੀਮਤੀ ਸੰਗੀਤਾ, ਟਰਾਂਸਲੇਟਰ**



**ਪਹਿਲਾ ਅਡੀਸ਼ਨ: ਫਰਵਰੀ, 2021**


**ਡਿਸਕਲੇਮਰ**

ਈ-ਕਮੇਟੀ ਦੁਆਰਾ ਸੰਚਾਰਿਤ ਕੀਤੀ ਗਈ ਇਹ ਹਵਾਲਾ ਸਮੱਗਰੀ ਸਿਰਫ ਅਧਿਐਨ ਅਤੇ ਟ੍ਰੇਨਿੰਗ ਦੇ ਉਦੇਸ਼ ਲਈ ਹੈ। ਦਿੱਤੇ ਗਏ ਹਵਾਲੇ ਸੰਕੇਤਕ ਹਨ ਅਤੇ ਕਿਸੇ ਅਧਿਕਾਰਤ ਜਾਂ ਨਿਆਂਇਕ ਸੰਦਰਭ ਲਈ ਨਹੀਂ ਵਰਤੇ ਜਾ ਸਕਦੇ।

DR JUSTICE D Y CHANDRACHUD
Judge, Supreme Court of India

## Foreword

The e-Committee of the Supreme Court has been at the forefront of introducing digital reforms in the field of law. In the past one year, the pandemic has also pushed advocates, judges and litigants to adopt high tech solutions due to the closure of offices and courts in light of lockdowns and public health concerns. Working remotely, virtual courts, digital workplaces and electronic case management have become integral to how the legal profession is practiced and conducted. This has given us a rare opportunity to embrace technology not just as an interim measure but to transform our legal system to make it more efficient, inclusive, accessible and environmentally sustainable. The e-Courts Services Mobile Application is a step in this direction.

The e-Courts Services Mobile Application is a one stop electronic case management tool (ECMT) for advocates and litigants for cases filed in the District Courts and High Courts. It provides complete case history from filing till disposal including date wise case diary. It allows users to access orders/judgments, cause list, transfer details of the case and interim application status. A unique feature of the application is that an advocate can maintain a digital diary of all cases under "My Cases" tab.

All these facilities are available free of cost. The usage of the application will not only reduce the footfall at the court complexes but will also save time and effort for judges, court staff and other stakeholders. It will also ensure that geographical

DR JUSTICE D Y CHANDRACHUD
Judge, Supreme Court of India

constraints do not hinder access to relevant case information. We have also attempted to make the application accessible to persons with disabilities.

The ECMT tools have been discussed in detail in the manual with screenshots. Keeping in mind the linguistic and cultural diversity of India, the manual has been translated in 11 regional languages.

The improvement in technological capacities must be accompanied by a change in culture and mindset. I am happy to note that many advocates and litigants have already embraced the services offered through this mobile application with more than 57 lakh downloads so far. The application will pave the way for optimizing our legal system in an ever-evolving digital world.

**[Dr Justice D Y Chandrachud]**

बरुण मित्रा, भा.प्र.से.
BARUN MITRA, IAS

सत्यमेव जयते

150 YEARS OF CELEBRATING THE MAHATMA

सचिव
न्याय विभाग
विधि और न्याय मंत्रालय
भारत सरकार
SECRETARY
DEPARTMENT OF JUSTICE
MINISTRY OF LAW & JUSTICE
GOVERNMENT OF INDIA

## FOREWORD

As the legal world is gradually turning digital globally, the process of ICT enablement of the judicial landscape in India has concurrently made significant strides. As an integral part of this multi-dimensional initiative, the eCourts Services Mobile App has been widely hailed as an effective Electronic Case Management Tool (ECMT). Its popularity is manifested in the growing number of downloads by lawyers, having already crossed the 57 lakh figure.

Robust Case Management and sound supporting systems are at the core of any well-functioning legal architecture. ECMT tool, enables a lawyer to efficiently manage case information, document assembly, calendaring, time-tracking of case status, accessing judicial decisions, compliance requirements etc. To cap it, ECMT is of immense convenience being available 24 x 7 with no geographical boundaries and easy access on no-cost basis. The eCourts Services Mobile App with its digital diary features has thus evolved into a must-have tool for lawyers to promotetheir professional efficiency.

Publication of this Manual on eCourts Services Mobile App is yet another laudable step by the eCommittee of the Supreme Court to create large scale awareness of this ECMT and in bringing its benefits to the doorstep of the lawyers' community. The manual is also available in Hindi and several other regional languages like Punjabi, Tamil, Gujarati, Odia and Nepali thus enhancing its outreach. I am confident that this Manual will be of great utility for the legal fraternity.

**25th February, 2021**
**New Delhi**

**(Barun Mitra)**

# "ਈ-ਕੋਰਟਸ ਸਰਵਿਸਿਜ਼" – ਦੀ ਮੋਬਾਇਲ ਐਪਲੀਕੇਸ਼ਨ

## ਟੇਬਲ ਆਫ਼ ਕੰਟੈਂਟਸ


1. "ਈ-ਕੋਰਟਸ ਸਰਵਿਸਿਜ਼" ਮੋਬਾਇਲ ਐਪ ਨੂੰ ਕਿਵੇਂ ਇੰਸਟਾਲ ਕਰਨਾ ਹੈ......................7

1.1 ਸ਼ਾਰਟਕੱਟ ਲਿੰਕ ਵਿੱਚ https://eCourts.gov.in ਤੋਂ ਡਾਊਨਲੋਡ ਕਰੋ.............7

1.2 ਐਂਡਰਾਇਡ ਲਈ ਗੂਗਲ ਪਲੇ ਸਟੋਰ ਤੋਂ ਡਾਊਨਲੋਡ ਕਰੋ..............................9

1.3 ਆਈ ਫੋਨ/ਆਈ ਪੈਡ ਲਈ ਐਪਲ ਸਟੋਰ ਤੋਂ ਸਿੱਧਾ ਡਾਊਨਲੋਡ ਕਰੋ...............9

2. ਈ-ਕੋਰਟਸ ਐਪ ਨੂੰ ਕੌਂਫਿਗਰ ਕਰੋ............................................................9

(ੳ) ਹਾਈ ਕੋਰਟ...........................................................................9

(ਅ) ਜ਼ਿਲ੍ਹਾ ਅਦਾਲਤ.......................................................................9

(ੲ) ਦੋਵੇਂ.................................................................................9

3. 6 ਭਾਰਤੀ ਭਾਸ਼ਾਵਾਂ ਈ-ਕੋਰਟਸ ਮੋਬਾਇਲ ਐਪ ਵਿੱਚ (ਜਲਦ ਆ ਰਹੀਆਂ ਹਨ)...........10

ਹਿੰਦੀ.....................................................................................10

ਮਰਾਠੀ...................................................................................10

ਤਾਮਿਲ...................................................................................10

ਕੰਨੜ.....................................................................................10

ਗੁਜਰਾਤੀ.................................................................................10

ਤੇਲਗੂ....................................................................................10

4. ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਦੇ ਮੁੱਢਲੇ ਆਈਕਨ ਨੂੰ ਚੁਣੋ:........................11

4.1. ਈ-ਕੋਰਟਸ ਮੋਬਾਇਲ ਐਪਲੀਕੇਸ਼ਨ ਦਾ ਵੈਲਕਮ ਪੇਜ................................11

4.2. ਮੀਨੂ ਲਿਸਟ ਆਈਕਨਜ਼............................................................11

4.3. ਜ਼ਿਲ੍ਹਾ ਅਦਾਲਤ/ਹਾਈ ਕੋਰਟ ਦੇ ਕੇਸ ਦੇ ਵੇਰਵੇ:......................................11

4.4. ਮੇਨ ਮੀਨੂ ਆਪਸ਼ਨਜ਼.....................................................................12
4.5. ਸੀ ਐਨ ਆਰ ਖੋਜ:.......................................................................12
4.6. ਕੇਸ ਸਥਿਤੀ ਖੋਜ:.......................................................................12
4.7. ਕਾਜ਼ ਲਿਸਟ..............................................................................12
4.8. ਮਾਈ ਕੇਸਿਸ:............................................................................13
4.9. ਮਾਈ ਕੇਸਿਸ ਮਿਤੀ ਅਨੁਸਾਰ/ਜ਼ਿਲ੍ਹਾ ਅਨੁਸਾਰ.......................................13
4.10. ਕੈਲੰਡਰ ਆਪਸ਼ਨ.......................................................................13
4.11. ਰਿਫਰੈਸ਼ ਬਟਨ:........................................................................13
4.12. ਮਾਈ ਕੇਸਿਸ ਅਧੀਨ ਖੋਜ ਵਿਕਲਪ:..................................................14
4.13. ਕਯੂ ਆਰ ਕੋਡ:..........................................................................14
4.14. ਸਕੈਨ ਕਯੂ ਆਰ ਕੋਡ..................................................................14
4.15. ਆਈ.ਏ.ਵੇਰਵੇ:..........................................................................14
4.16. ਟ੍ਰਾਂਸਫਰ ਵੇਰਵੇ:........................................................................15
4.17. ਅਧੀਨ ਅਦਾਲਤ ਦੀ ਜਾਣਕਾਰੀ:.......................................................15
4.18. ਕੇਸ ਹਿਸਟਰੀ...........................................................................15
5. ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਦੁਆਰਾ ਪੂਰੀ ਕੇਸ ਹਿਸਟਰੀ ਪ੍ਰਾਪਤ ਕਰੋ.........16
6. ਕੇਸਾਂ ਦੀ ਖੋਜ ਵਿਕਲਪ.....................................................................17
7. ਸੀ.ਐਨ.ਆਰ. ਨੰਬਰ ਨਾਲ ਕੇਸ ਖੋਜ.....................................................17
7.1. ਸੀ.ਐਨ.ਆਰ. ਨੰਬਰ ਕੀ ਹੈ:.........................................................17
7.2. ਆਪਣਾ ਸੀ.ਐਨ.ਆਰ. ਨੰਬਰ ਕਿਵੇਂ ਜਾਣਨਾ ਹੈ:.....................................18
7.3. ਈ-ਕੋਰਟਸ ਮੋਬਾਇਲ ਐਪ ਤੋਂ ਸੀ.ਐਨ.ਆਰ. ਨੰਬਰ ਕਿਵੇਂ ਪ੍ਰਾਪਤ ਕਰੀਏ.........18
7.4. ਸੀ ਐਨ ਆਰ ਨੰਬਰ ਨਾਲ ਕੇਸਾਂ ਦੀ ਖੋਜ ਕਿਵੇਂ ਕੀਤੀ ਜਾਵੇ........................19

8. ਕੇਸ ਸਥਿਤੀ ਦੀ ਖੋਜ: ਵੱਖ ਵੱਖ ਵਿਕਲਪਾਂ ਨਾਲ............................................20

8.1 ਕੇਸ ਨੰਬਰ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਵੇਖਣਾ:-...............22

8.2 ਫਾਈਲਿੰਗ ਨੰਬਰ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਵੇਖਣਾ............24

8.3 ਐਫ ਆਈ ਆਰ ਨੰਬਰ ਦੀ ਵਰਤੋਂ ਕਰਦਿਆਂ ਖੋਜ ਕਰੋ:..............................24

8.4 ਐਡਵੋਕੇਟ ਵਿਕਲਪਾਂ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਵੇਖੋ....................25

8.4.1 ਵਕੀਲ ਦੇ ਨਾਂ ਦੁਆਰਾ ਖੋਜ:..................................................25

8.4.2 ਬਾਰ ਕੋਡ ਦੀ ਵਰਤੋਂ ਕਰਦਿਆਂ ਖੋਜ ਕਰੋ:...................................26

8.4.3 ਮਿਤੀ ਕੇਸ ਸੂਚੀ (ਐਡਵੋਕੇਟ ਕਾਜ਼ ਲਿਸਟ) ਦੀ ਵਰਤੋਂ ਕਰਦਿਆਂ ਖੋਜ.....28

8.5 ਕੇਸ ਟਾਈਪ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਵੇਖਣਾ.................29

8.6 ਪਾਰਟੀ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਨੂੰ ਵੇਖਣਾ:..................30

8.7 ਐਕਟ ਦੁਆਰਾ ਖੋਜ.....................................................................31

8.8 ਕੈਵੀਅਟ..................................................................................32

8.9 ਪ੍ਰੀ-ਟ੍ਰਾਇਲ ਐਪਲੀਕੇਸ਼ਨ.............................................................33

8.9.1 ਜ਼ਮਾਨਤ ਦੀ ਸਥਿਤੀ ਕਿਵੇਂ ਜਾਣੀਏ..........................................34

8.9.2 ਰਿਮਾਂਡ ਦੀ ਸਥਿਤੀ ਕਿਵੇਂ ਜਾਣੀਏ..............................................35

8.9.3.ਪ੍ਰੀ-ਟ੍ਰਾਇਲ-ਐਪਲੀਕੇਸ਼ਨ ਸਥਿਤੀ ਨੂੰ ਕਿਵੇਂ ਜਾਣੀਏ.......................36

9. ਈ-ਕੋਰਟਸ ਮੋਬਾਇਲ ਐਪ ਦੁਆਰਾ ਕਾਜ਼ ਲਿਸਟ ਪ੍ਰਾਪਤ ਕਰਨਾ:.........................38

10. ਮਾਈ ਕੇਸਿਸ ਵਿਕਲਪ.....................................................................39

10.1 ਮਾਈ ਕੇਸਿਸ ਵਿੱਚ ਕੇਸ ਕਿਵੇਂ ਸ਼ਾਮਲ ਕਰਨੇ ਹਨ:...................................39

10.2 ਮਾਈ ਕੇਸਿਸ ਤੋਂ ਕੇਸਾਂ ਨੂੰ ਕਿਵੇਂ ਹਟਾਉਣਾ ਹੈ:........................................40

10.3 ਮਾਈ ਕੇਸਿਸ ਵਿੱਚ ਖੋਜ ਕਰੋ:........................................................41

10.4 ਰਿਫਰੈਸ਼ ਬਟਨ:...................................................................41

10.5 ਮਾਈ ਕੇਸਿਸ –ਤਾਰੀਖ ਅਨੁਸਾਰ/ਜ਼ਿਲ੍ਹਾ ਅਨੁਸਾਰ ਪ੍ਰਦਰਸ਼ਤ ਵਿਕਲਪ:..........41

10.6 ਕੈਲੰਡਰ.........................................................................43

11. ਬੈਕਅਪ ਸਹੂਲਤ..................................................................43

11.1 ਐਕਸਪੋਰਟ ਵਿਕਲਪ:............................................................44

11.2 ਇੰਪੋਰਟ ਵਿਕਲਪ:...............................................................46

12. ਕਯੂ ਆਰ ਕੋਡ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਜਾਣਨਾ...............................47

ਕਦਮ 1: ਆਪਣੇ ਕੇਸ ਦਾ ਕਯੂ ਆਰ ਕੋਡ ਜਾਣਨਾ........................................47

ਕਦਮ 2: ਕਯੂ ਆਰ ਕੋਡ ਦਾ ਪ੍ਰਿੰਟ ਪ੍ਰਾਪਤ ਕਰੋ ਅਤੇ ਕੇਸ ਡਾਕਟ ਵਿੱਚ ਪੇਸਟ ਕਰੋ...47

ਕਦਮ 3: ਸਕੈਨ ਕਯੂ ਆਰ ਕੋਡ:...........................................................48

13. ਐਸ.ਐਮ.ਐਸ. ਦੁਆਰਾ ਕੇਸ ਦੀ ਸਥਿਤੀ ਜਾਣਨਾ ਜਿੱਥੇ ਇੰਟਰਨੈਟ ਨਹੀਂ ਹੈ:................48

14. ਈ-ਕੋਰਟਸ ਆਟੋਮੇਟਿਡ ਈ-ਮੇਲ ਸੇਵਾਵਾਂ ਦੁਆਰਾ ਕੇਸ ਦੀ ਸਥਿਤੀ ਜਾਣਨਾਂ:................49

15. ਕੋਰਟ ਕੰਪਲੈਕਸ ਲੋਕੇਟਰ:...............................................................50

16. ਈ-ਕੋਰਟ ਮੋਬਾਇਲ ਐਪ ਮੀਨੂ ਵਿੱਚ ਵੱਖਰੇ ਲਿੰਕ...................................................50

17. ਈ-ਕੋਰਟਸ ਮੋਬਾਇਲ ਐਪ ਵਿੱਚ ਈ-ਪੇ ਲਿੰਕ...................................................51

18. ਈ-ਕੋਰਟਸ ਮੋਬਾਇਲ ਐਪ ਵਿੱਚ ਐਨ.ਜੇ.ਡੀ.ਜੀ. ਲਿੰਕ:....................................52

18.1 ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ (ਜ਼ਿਲ੍ਹਾ ਅਤੇ ਤਾਲੁਕ ਅਦਾਲਤਾਂ)...............52

18.2 ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ (ਉੱਚ ਅਦਾਲਤਾਂ)...............................52

19. ਈ-ਕੋਰਟਸ ਮੋਬਾਇਲ ਐਪ ਰਾਹੀਂ ਇੰਡੀਆ ਕੋਡ ਤੱਕ ਪਹੁੰਚ..................................53

19.1 ਇੰਡੀਆ ਕੋਡ ਤੋਂ ਇੱਕ ਬੇਅਰ ਐਕਟ ਖੋਜ ਕਰਨਾ:....................................53

20. ਈ ਕੋਰਟ ਮੋਬਾਇਲ ਐਪ ਵਿੱਚ ਈ-ਫਾਈਲਿੰਗ ਲਿੰਕ:.............................................54

21. ਈ-ਕੋਰਟਸ ਮੋਬਾਇਲ ਐਪ ਵਿੱਚ ਵਰਚੂਅਲ ਕੋਰਟਸ ਲਿੰਕ:-..................................55

22. ਈ-ਕੋਰਟਸ ਮੋਬਾਇਲ ਐਪ ਵਿੱਚ ਵਕੀਲਾਂ ਦੇ ਫਾਰਮਾਂ ਲਈ ਲਿੰਕ...............................56

23. ਹੈਲਪ ਵਿਕਲਪ: ........................................................................................56

# “ਈ-ਕੋਰਟਸ ਸਰਵਿਸਿਜ਼” - ਮੋਬਾਇਲ ਐਪਲੀਕੇਸ਼ਨ

ਕੀ ਤੁਸੀਂ ਕਦੇ ਆਪਣੇ ਸਾਰੇ ਕੇਸਾਂ ਦੀ ਸਥਿਤੀ ਨੂੰ ਜਾਣਨ ਦਾ ਸੁਫਨਾ ਵੇਖਿਆ ਹੈ, ਉਹ ਵੀ 24x7 ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਨਾਲ ਇਹ ਸੁਫਨਾ ਸੱਚ ਹੋਇਆ ਹੈ। ਹੁਣ ਕੋਈ ਵੀ ਕੇਸ ਦੀ ਸਥਿਤੀ, ਅਦਾਲਤ ਦੇ ਆਦੇਸ਼ਾਂ, ਕਾਜ਼ ਲਿਸਟ ਨੂੰ ਆਪਣੇ ਮੋਬਾਇਲ ਫੋਨ ਰਾਹੀਂ, ਕਿਸੇ ਸੰਬੰਧਤ ਕੋਰਟ ਕੰਪਲੈਕਸ ਵਿੱਚ ਜਾਏ ਬਿਨਾਂ ਜਾਣ ਸਕਦਾ ਹੈ। ਈ-ਕਮੇਟੀ, ਸੁਪਰੀਮ ਕੋਰਟ ਆਫ਼ ਇੰਡੀਆ ਨੇ ਧਿਰਾਂ, ਵਕੀਲਾਂ, ਲਾਅ ਫਰਮਾਂ, ਪੁਲਿਸ, ਸਰਕਾਰੀ ਏਜੰਸੀਆਂ ਅਤੇ ਹੋਰ ਸੰਸਥਾਗਤ ਧਿਰਾਂ ਦੇ ਲਾਭ ਲਈ “ਈ ਕੋਰਟਸ ਸਰਵਿਸਿਜ਼” ਦੇ ਨਾਂ ਤੇ ਇੱਕ ਮੋਬਾਇਲ ਐਪਲੀਕੇਸ਼ਨ ਜਾਰੀ ਕੀਤੀ।

ਮੋਬਾਇਲ ਐਪਲੀਕੇਸ਼ਨ ਸੀ.ਐਨ.ਆਰ ਨੰਬਰ ਨਾਲ ਕੇਸ / ਕੇਸ ਦੀ ਸਥਿਤੀ ਦੀ ਖੋਜ, ਫਾਈਲਿੰਗ ਨੰਬਰ, ਪਾਰਟੀ ਦੇ ਨਾਂ ਤੋਂ, ਐਫ.ਆਈ.ਆਰ ਨੰਬਰ, ਐਡਵੋਕੇਟ ਵੇਰਵੇ, ਐਕਟ, ਕੇਸ ਦੀ ਕਿਸਮ ਵਰਗੇ ਵਿਕਲਪਾਂ ਦੇ ਨਾਲ ਉਪਲਬੱਧ ਹੈ। ਤੁਸੀਂ ਕੇਸ ਹਿਸਟਰੀ, ਕਿਸੇ ਕੇਸ ਦੀ ਡਾਇਰੀ, ਕਾਜ਼ ਲਿਸਟ, ਕੇਸ ਦੇ ਤਬਾਦਲੇ ਦੇ ਵੇਰਵਿਆਂ, ਆਰਡਰ ਅਤੇ ਜੱਜਮੈਂਟ, ਸਾਰੇ ਮੁਫਤ ਵਿੱਚ ਈ-ਕੋਰਟਸ ਮੋਬਾਇਲ ਐਪ ਦੁਆਰਾ ਵੀ ਵੇਖ ਸਕਦੇ ਹੋ। ਤੁਸੀਂ ਇਸ ਨੂੰ ਗੂਗਲ ਪਲੇ ਸਟੋਰ ਤੋਂ ਐਂਡਰਾਇਡ ਫੋਨ ਲਈ ਅਤੇ ਆਈਫੋਨ, ਆਈਪੈਡ ਉਪਕਰਣਾਂ ਲਈ ਐਪਲ ਐਪ ਸਟੋਰ ਤੋਂ ਕਿਸੇ ਹੋਰ ਐਪ ਵਾਂਗ ਡਾਊਨਲੋਡ ਕਰ ਸਕਦੇ ਹੋ। ਅਧਿਕਾਰਤ ਈ-ਕਮੇਟੀ ਵੈਬਸਾਈਟ https://ecommitteesci.gov.in ਵਿੱਚ ਦਿੱਤੇ ਗਏ ਡਾਊਨਲੋਡ ਲਿੰਕ ਤੋਂ ਵੀ ਤੁਸੀ ਡਾਊਨਲੋਡ ਕਰ ਸਕਦੇ ਹੋ।

ਸਾਰੀਆਂ ਈ-ਕੋਰਟਸ ਸੇਵਾਵਾਂ, ਈ-ਕੋਰਟਸ ਮੋਬਾਇਲ ਐਪ ਵਿੱਚ ਉਪਲੱਬਧ ਹਨ, ਜਿਸ ਵਿੱਚ ਇੱਕ ਹੋਰ ਵਧਾਰਾ ਹੈ ਕਿ ‘ਮਾਈ ਕੇਸਿਸ’ ਵਿਕਲਪ ਦੀ ਵਰਤੋਂ ਕਰਦਿਆਂ ਇਸ ਨੂੰ ਆਪਣੇ ਅਨੁਕੂਲ ਬਣਾਇਆ ਜਾ ਸਕਦਾ ਹੈ ਜੋ ਕਿ ਇੱਕ ਵਕੀਲ/ਧਿਰ ਲਈ ਡਿਜੀਟਲ ਡਾਇਰੀ ਦੇ ਬਰਾਬਰ ਹੈ। ‘ਮਾਈ ਕੇਸਿਸ’ ਦੀ ਵਰਤੋਂ ਨਾਲ ਕੋਈ ਵੀ

ਨਿੱਜੀ ਕੇਸ ਨੰਬਰ ਜੋੜ ਸਕਦਾ ਹੈ ਅਤੇ ਆਟੋਮੈਟਿਕ ਅਪਡੇਟਸ ਪ੍ਰਾਪਤ ਕਰ ਸਕਦਾ ਹੈ। ਇਹ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਅਦਾਲਤਾਂ ਵਿੱਚ ਧਿਰਾਂ ਲਈ ਫਰਮਾਂ, ਕੰਪਨੀਆਂ ਜਾਂ ਸੰਗਠਨ ਦੇ ਲਈ ਵੀ ਫਾਇਦੇਮੰਦ ਹੈ। 'ਮਾਈ ਕੇਸਿਸ' ਵਿੱਚ ਕੋਈ ਵੀ ਵਿਅਕਤੀ ਆਪਣੀ ਕੇਸਾਂ ਦੀ ਸੂਚੀ ਸ਼ਾਮਲ ਕਰ ਸਕਦਾ ਹੈ ਅਤੇ ਈ-ਕੋਰਟਸ ਮੋਬਾਇਲ ਐਪਲੀਕੇਸ਼ਨ ਰਾਹੀਂ ਸਾਰੇ ਅਪਡੇਟ ਪ੍ਰਾਪਤ ਕਰ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ, ਸਾਰੇ ਵਿਅਕਤੀਗਤ ਵੇਰਵੇ ਵਾਲੀ ਤੁਹਾਡੀ ਵਿਅਕਤੀਗਤ ਡਿਜੀਟਲ ਕੇਸ ਡਾਇਰੀ ਤੁਹਾਡੇ ਹੈਂਡ ਸੈੱਟ ਵਿੱਚ 24x7 ਮੁਫਤ ਉਪਲੱਬਧ ਹੈ।

1. **"ਈ-ਕੋਰਟਸ ਸਰਵਿਸਿਜ਼" ਮੋਬਾਇਲ ਐਪ ਕਿਵੇਂ ਇੰਸਟਾਲ ਕਰੀਏ:**


1.1 ਈ-ਕੋਰਟ ਵੈਬਸਾਈਟ ਤੋਂ ਡਾਊਨਲੋਡ ਕਰੋ

1.2 ਗੂਗਲ ਸਟੋਰ/ਐਪਲ ਸਟੋਰ ਤੋਂ ਡਾਊਨਲੋਡ ਕਰੋ


**1.1. ਈ-ਕੋਰਟਸ ਵੈਬਸਾਈਟ https://e-Courts.gov.in ਤੋਂ ਡਾਊਨਲੋਡ ਕਰੋ।**

ਕੋਈ ਵੀ ਗੂਗਲ ਪਲੇ ਸਟੋਰ / ਐਪਲ ਆਈ ਟਿਊਨ ਸਟੋਰਾਂ ਤੋਂ ਨਵੀਂ ਈ-ਕੋਰਟਸ ਮੋਬਾਇਲ ਐਪ ਡਾਊਨਲੋਡ ਕਰ ਸਕਦਾ ਹੈ। ਈ-ਕੋਰਟਸ ਵੈਬਸਾਈਟ ਗੂਗਲ ਪਲੇ ਸਟੋਰ / ਐਪਲ ਆਈ ਟਿਊਨਜ਼ ਤੋਂ ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਨੂੰ ਡਾਊਨਲੋਡ ਕਰਨ ਲਈ ਇੱਕ ਸ਼ਾਰਟਕਟ ਲਿੰਕ ਵੀ ਪ੍ਰਦਾਨ ਕਰਦੀ ਹੈ। ਇਸ ਸ਼ਾਰਟਕਟ ਲਿੰਕ ਤੇ ਕਲਿੱਕ ਕਰਨ ਤੇ ਤੁਸੀ ਸਬੰਧਤ ਪਲੇ ਸਟੋਰਾਂ ਤੋਂ ਡਾਊਨਲੋਡ ਕਰ ਸਕਦੇ ਹੋ। ਈ-ਕੋਰਟਸ ਵੈੱਬ ਪੇਜ ਵਿੱਚ ਦਿੱਤਾ ਗਿਆ ਮੋਬਾਇਲ ਐਪ ਡਾਊਨਲੋਡ ਲਿੰਕ ਨੂੰ ਹੇਠਾਂ ਸਕ੍ਰੀਨਸ਼ਾਟ ਦੇ ਰੂਪ ਵਿੱਚ ਦਿਖਾਇਆ ਗਿਆ ਹੈ। ਜਦੋਂ ਇੰਸਟਾਲੇਸ਼ਨ ਪੂਰੀ ਹੋ ਜਾਏਗੀ, ਤੁਹਾਨੂੰ 'ਓਪਨ ਦ ਐਪ' ਤੇ ਕਲਿੱਕ ਕਰਨਾ ਪਵੇਗਾ, ਜਿਸ ਨਾਲ ਐਪ ਅਤੇ ਈ-ਕੋਰਟਸ ਐਪ ਦੀ ਵੈਲਕਮ ਸਕ੍ਰੀਨ ਖੁੱਲ ਜਾਏਗੀ, ਜੋ ਹੇਠਾਂ ਸਕ੍ਰੀਨਸ਼ਾਟ ਵਿੱਚ ਵਿਖਾਈ ਗਈ ਹੈ।



ECOURTS SERVICES
High Courts of India
District and Taluka Courts of India
Home
NJDG
Supreme Court
High Courts
District Courts
Contact Us
High Court Complexes
39
HC Pending Cases
4.83 M
HC Disposed Cases
16.69 K
HC Cases Listed Today
4.12 K
District & Taluka Court Complexes
3222
DC Pending Cases
32.16 M
DC Disposed Cases in Last Month
40.75 K
DC Cases Listed Today
861.83 K
Policy Action Plan Document of Phase II
Innovations in Phase II
Objectives Accomplishments Report-2019
Annexure to the Report-2019
Download Mobile App for Android & iOS
Google play
Available on the App Store
Know current status of your case by Return SMS
SMS ECOURTS<space><your CNR Number> To 9766899899
Download Mobile App for Android & iOS
Google play
Available on the
App Store


Google Play
eCourts Services
iTunes Preview
eCourts Services
NIC eGov Mobile Apps
7.54MB/7.54MB
100%
10
THOUSAND
Downloads
4.7
Tools
Similar
Provides Case Status, Causelists & Orders from District & Taluka Courts of India
eCourts Services
NIC eGov Mobile Apps
UNINSTALL
OPEN
10
THOUSAND
Downloads
4.7
Tools
Similar
Provides Case Status, Causelists & Orders from District & Taluka Courts of India
eCourts Services
District & Taluka Courts of India
eCourts India

**1.2. ਐਂਡਰਾਇਡ ਲਈ ਗੂਗਲ ਪਲੇ ਸਟੋਰ ਤੋਂ ਡਾਊਨਲੋਡ ਕਰੋ**: ਜੇ ਤੁਹਾਡੇ ਕੋਲ ਇੱਕ ਐਂਡਰਾਇਡ ਸਮਾਰਟਫੋਨ ਹੈ, ਤਾਂ ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਲਈ ਗੂਗਲ ਪਲੇ ਸਟੋਰ ਦੀ ਖੋਜ ਕਰੋ ਅਤੇ ਡਾਊਨਲੋਡ ਤੋਂ ਬਾਅਦ ਇੰਸਟਾਲ ਤੇ ਕਲਿੱਕ ਕਰੋ, ਤਾਂ ਮੋਬਾਇਲ ਐਪ ਤੁਹਾਡੇ ਐਂਡਰਾਇਡ ਸਮਾਰਟਫੋਨ ਵਿੱਚ ਇੰਸਟਾਲ ਹੋ ਜਾਏਗੀ।




**1.3 ਆਾਈ.ਫੋਨ/ਆਈ.ਪੈਡ ਲਈ ਐਪਲ ਸਟੋਰ ਤੋਂ ਸਿੱਧੇ ਡਾਊਨਲੋਡ ਕਰੋ ।**




ਜੇ ਤੁਹਾਡੇ ਕੋਲ ਐਪਲ ਆਾਈਫੋਨ ਹੈ, ਤਾਂ ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਲਈ ਐਪਲ ਸਟੋਰ ਦੀ ਖੋਜ ਕਰੋ ਅਤੇ ਡਾਊਨਲੋਡ ਤੇ ਕਲਿੱਕ ਕਰੋ ਅਤੇ ਫਿਰ ਡਾਊਨਲੋਡ ਤੋਂ ਬਾਅਦ ਇੰਸਟਾਲ ਤੇ ਕਲਿੱਕ ਕਰੋ। ਫਿਰ ਮੋਬਾਇਲ ਐਪ ਤੁਹਾਡੇ ਐਪਲ ਆਈਫੋਨ ਵਿੱਚ ਇੰਸਟਾਲ ਹੋ ਜਾਵੇਗੀ। ਇਸੇ ਤਰ੍ਹਾਂ, ਆਈ ਪੈਡ ਲਈ ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਉਪਲੱਬਧ ਹੈ, ਜਿਸ ਨੂੰ ਆਈ ਪੈਡ ਤੇ ਡਾਊਨਲੋਡ ਅਤੇ ਇੰਸਟਾਲ ਕੀਤਾ ਜਾ ਸਕਦਾ ਹੈ।




**2. ਈ-ਕੋਰਟਸ ਐਪ ਨੂੰ ਕੋਂਫਿਗਰ ਕਰਨਾ:-**

ਈ-ਕੋਰਟਸ ਮੋਬਾਇਲ ਐਪ ਦਾ ਮੌਜੂਦਾ ਵਰਜ਼ਨ ਤਿੰਨ ਹੈਡਾਂ ਹੇਠ ਸੇਵਾਵਾਂ ਪ੍ਰਦਾਨ ਕਰਦਾ ਹੈ;

(ੳ) **ਹਾਈ ਕੋਰਟ (ਅ) ਜ਼ਿਲ੍ਹਾ ਅਦਾਲਤ**(ੲ) **ਦੋਵੇਂ।**

ਈ-ਕੋਰਟਸ ਮੋਬਾਇਲ ਐਪ ਵਿੱਚ, ਤੁਸੀਂ ਜ਼ਿਲ੍ਹਾ ਅਦਾਲਤ ਜਾਂ ਹਾਈ ਕੋਰਟ ਜਾਂ ਦੋਵਾਂ ਦੇ ਕੇਸਾਂ ਤੱਕ ਪਹੁੰਚ ਲਈ ਐਪ ਨੂੰ ਕੌਂਫਿਗਰ ਕਰ ਸਕਦੇ ਹੋ। ਇਸਦੇ ਲਈ, ਤੁਹਾਨੂੰ ਆਈਕਨ ਤੇ ਕਲਿੱਕ ਕਰਕੇ ਮੀਨੂ ਸੂਚੀ ਤੋਂ ਕੌਂਫਿਗਰ ਵਿਕਲਪ ਦੀ ਚੋਣ ਕਰਨੀ ਪਵੇਗੀ। ਤੁਸੀਂ ਆਪਣੇ ਮੋਬਾਇਲ ਐਪ ਨੂੰ ਰੇਡੀਓ ਬਟਨ "ਹਾਈ ਕੋਰਟ" ਤੇ ਕਲਿੱਕ ਕਰਕੇ ਹਾਈ ਕੋਰਟ ਦੀਆਂ ਸੇਵਾਵਾਂ ਤੱਕ ਪਹੁੰਚਣ ਲਈ ਕੌਂਫਿਗਰ ਕਰ ਸਕਦੇ ਹੋ। ਤੁਸੀਂ ਆਪਣੀ ਮੋਬਾਇਲ ਐਪ ਨੂੰ "ਜ਼ਿਲ੍ਹਾ ਅਦਾਲਤ" ਰੇਡੀਓ ਬਟਨ ਤੇ ਕਲਿੱਕ ਕਰਕੇ ਜ਼ਿਲ੍ਹਾ ਅਦਾਲਤ ਦੀ ਸੇਵਾਵਾਂ ਤੱਕ ਪਹੁੰਚਣ ਲਈ ਕੌਂਫਿਗਰ ਕਰ ਸਕਦੇ ਹੋ। ਅਤੇ ਜੇਕਰ ਤੁਸੀਂ ਦੋਵੇਂ ਉੱਚ ਅਦਾਲਤ ਅਤੇ ਜਿਲ੍ਹਾ ਅਦਾਲਤ ਦੀਆਂ ਸੇਵਾਵਾਂ ਤੱਕ ਪਹੁੰਚ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਰੇਡੀਓ ਬਟਨ "ਦੋਵੇਂ" ਨੂੰ ਕਲਿੱਕ ਕਰ ਸਕਦੇ ਹੋ।

**3. ਛੇ ਭਾਰਤੀ ਭਾਸ਼ਾਵਾਂ (ਜਲਦ ਆ ਰਹੀਆਂ ਹਨ) ਵਿੱਚ ਈ-ਕੋਰਟਸ ਮੋਬਾਇਲ ਐਪ:**

ਈ-ਕੋਰਟਸ ਮੋਬਾਇਲ ਐਪ ਦਾ ਨਵਾਂ ਵਰਜ਼ਨ, ਜੋ ਕਿ ਟੈਸਟਿੰਗ ਅਧੀਨ ਹੈ, ਨੂੰ ਅੰਗਰੇਜ਼ੀ ਅਤੇ ਛੇ ਖੇਤਰੀ ਭਾਸ਼ਾਵਾਂ ਵਿੱਚ ਉਪਲੱਬਧ ਕਰਾਇਆ ਜਾਵੇਗਾ। ਛੇ ਖੇਤਰੀ ਭਾਸ਼ਾਵਾਂ ਵਿੱਚ ਈ-ਕੋਰਟਜ਼ ਐਪ ਦੇ ਸਕ੍ਰੀਨ ਸ਼ਾਟਾਂ ਨੂੰ ਨਿਯਮਤ ਉਪਭੋਗਤਾਵਾਂ ਦੀ ਉਤਸੁਕਤਾ ਨੂੰ ਪੂਰਾ ਕਰਨ ਲਈ ਹੇਠਾਂ ਜੋੜਿਆ ਗਿਆ ਹੈ। ਹਿੰਦੀ, ਮਰਾਠੀ, ਤਾਮਿਲ, ਕੰਨੜ, ਗੁਜਰਾਤੀ, ਤੇਲਗੂ




## 4. ਜ਼ਰੂਰ ਜਾਣੋ - ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਦੇ ਮੁੱਢਲੇ ਆਈਕਨ -

<table>
<tr>
<td>

### 4.1. ਵੈਲਕਮ ਪੇਜ

ਇੱਕ ਵਾਰ ਮੋਬਾਇਲ ਐਪ ਖੋਲਣ ਤੇ ਇਹ ਵੈਲਕਮ ਪੇਜ ਪ੍ਰਦਰਸ਼ਤ ਹੋਵੇਗਾ।

</td>
<td>




</td>
</tr>
<tr>
<td>

### 4.2. ਮੀਨੂ ਲਿਸਟ ਆਈਕਨ

ਜੇ ਤੁਸੀਂ ਤਿੰਨ-ਲਾਈਨ ਆਈਕਨ  ਤੇ ਕਲਿੱਕ ਕਰੋਗੇ, ਤਾਂ ਇਹ ਈ-ਕੋਰਟਸ ਮੋਬਾਇਲ ਐਪ ਦੀ ਪੂਰੀ ਮੀਨੂ ਸੂਚੀ ਦਰਸਾਏਗਾ। ਵੱਖ-ਵੱਖ ਈ-ਕੋਰਟਸ ਸਰਵਿਸਿਜ਼ ਦੇ ਮਹੱਤਵਪੂਰਣ ਲਿੰਕ ਜਿਵੇਂ ਈ-ਪੇ, ਐਨ ਜੇ ਡੀ ਜੀ, ਈ-ਫਾਈਲਿੰਗ, ਇੰਡੀਆ ਕੋਡ, ਵਕੀਲਾਂ ਦੇ ਫਾਰਮ, ਵਰਚੁਅਲ ਕੋਰਟਸ ਵੀ ਹੁਣ ਮੀਨੂ ਅਧੀਨ ਉਪਲੱਬਧ ਹਨ।

</td>
<td>




</td>
</tr>
<tr>
<td>

### 4.3. ਜ਼ਿਲ੍ਹਾ ਅਦਾਲਤ / ਹਾਈ ਕੋਰਟ ਦੇ ਕੇਸ ਦੇ ਵੇਰਵੇ:

ਤੁਸੀਂ ਜ਼ਿਲ੍ਹਾ ਅਦਾਲਤ ਦੇ ਕੇਸ ਜਾਂ ਹਾਈ ਕੋਰਟ ਜਾਂ ਦੋਵੇਂ ਜ਼ਿਲ੍ਹਾ ਅਦਾਲਤ ਅਤੇ ਹਾਈ ਕੋਰਟ ਲਈ ਮੋਬਾਇਲ ਐਪ ਨੂੰ ਕੌਂਫਿਗਰ ਕਰ ਸਕਦੇ ਹੋ।

</td>
<td>





</td>
</tr>
</table>

**<u>4.4 ਮੇਨ ਮੀਨੂ ਵਿਕਲਪ:</u>**

i. ਸੀ ਐਨ ਆਰ ਦੀ ਖੋਜ; ii ਕੇਸ ਸਥਿਤੀ (ਖੋਜ);

iii. ਕਾਜ਼ ਲਿਸਟ iv. 'ਮਾਈ ਕੇਸਿਸ' ਵਿਕਲਪ.




**<u>4.5. ਸੀ ਐਨ ਆਰ ਖੋਜ:</u>**

ਸੀ ਐਨ ਆਰ ਆਈਕਨ ਦੀ ਵਰਤੋਂ ਕਰਦਿਆਂ, ਤੁਸੀਂ ਸੀ ਐਨ ਆਰ ਨੰਬਰ ਨਾਲ ਕੇਸ ਦੀ ਸਥਿਤੀ ਦੀ ਖੋਜ ਕਰ ਸਕਦੇ ਹੋ।




**<u>4.6. ਕੇਸ ਦੀ ਸਥਿਤੀ ਦੀ ਖੋਜ:</u>**

ਕੇਸ ਦੀ ਸਥਿਤੀ ਦੇ ਵਿਕਲਪ ਦੀ ਵਰਤੋਂ ਨਾਲ ਕੋਈ ਵੀ ਹੇਠ ਲਿਖੀਆਂ ਨੈਂ ਖੋਜ ਵਿਕਲਪਾਂ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਦੀ ਖੋਜ ਕਰ ਸਕਦਾ ਹੈ

**ਕੇਸ ਨੰਬਰ** **ਪਾਰਟੀ ਦਾ ਨਾਂ**

**ਫਾਈਲਿੰਗ ਨੰਬਰ** **ਐਫ.ਆਈ.ਆਰ**

**ਐਡਵੋਕੇਟ** **ਐਕਟ**


**ਕੇਸ ਟਾਈਪ** **ਕੈਵੀਅਟ**

**ਪ੍ਰੀ ਟ੍ਰਾਇਲ ਐਪਲੀਕੇਸ਼ਨ**




**<u>4.7. ਕਾਜ਼ ਲਿਸਟ</u>**:

ਇਸ ਆਈਕਨ ਦੀ ਵਰਤੋਂ ਕਰਦਿਆਂ, ਕੋਈ ਵੀ ਕਿਸੇ ਵੀ ਅਦਾਲਤ ਦੀ **ਕਾਜ਼ ਲਿਸਟ** ਨੂੰ ਵੇਖ ਸਕਦਾ ਹੈ।



<table>
<tr>
<td>

**4.8. ਮਾਈ ਕੇਸਿਸ:**

ਤੁਸੀਂ ਇਸ “**ਮਾਈ ਕੇਸਿਸ**” ਦੇ ਵਿਕਲਪ ਅਧੀਨ ਆਪਣੀ ਨਿੱਜੀ ਸੂਚੀ ਨੂੰ ਸੇਵ ਕਰ ਸਕਦੇ ਹੋ।

</td>
<td>




</td>
</tr>
<tr>
<td>

**4.9. ਮਾਈ ਕੇਸਿਸ ਮਿਤੀ ਅਨੁਸਾਰ / ਜ਼ਿਲ੍ਹਾ ਅਨੁਸਾਰ:**

ਮਾਈ ਕੇਸਿਸ ਦੋ ਤਰੀਕਿਆਂ ਨਾਲ ਪ੍ਰਦਰਸ਼ਤ ਕੀਤੇ ਜਾਂਦੇ ਹਨ ਮਿਤੀ ਅਨੁਸਾਰ / ਜ਼ਿਲ੍ਹਾ ਅਨੁਸਾਰ । ਤੁਸੀਂ ਜੋ ਵੀ ਪ੍ਰਦਰਸ਼ਤ ਢੰਗ ਚਾਹੋ, ਦੀ ਚੋਣ ਕਰ ਸਕਦੇ ਹੋ।

</td>
<td>




</td>
</tr>
<tr>
<td>

**4.10. ਕੈਲੰਡਰ ਵਿਕਲਪ:**

ਕੈਲੰਡਰ ਦਾ ਵਿਕਲਪ ਕੈਲੰਡਰ ਦੇ ਫਾਰਮੈਟ ਵਿੱਚ ਕੇਸਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

</td>
<td>




</td>
</tr>
<tr>
<td>

**4.11. ਰਿਫਰੈਸ਼ ਬਟਨ:**

ਇਕ ਵਾਰ ਜਦੋਂ ਇਸ ਆਈਕਨ ਤੇ ਕਲਿੱਕ ਕਰਦੇ ਹਾਂ, ਤਾਂ ਇਹ ਡਾਟਾ ਨੂੰ ਅਪਡੇਟ ਕਰਦਾ ਹੈ।

</td>
<td>



</td>
</tr>
</table>

**4.12. ਮਾਈ ਕੇਸਿਸ ਵਿੱਚ ਖੋਜ ਵਿਕਲਪ:**

ਮਾਈ ਕੇਸਿਸ ਅਧੀਨ ਖੋਜ ਬਾਕਸ ਤੁਹਾਡੀ ਮੇਰੇ ਕੇਸਾਂ ਦੀ ਸੂਚੀ ਦੇ ਅੰਦਰ ਤੁਹਾਨੂੰ ਖੋਜ ਕਰਨ ਵਿੱਚ ਸਹਾਇਤਾ ਕਰੇਗਾ।





**4.13. ਕਯੂ ਆਰ ਕੋਡ:**

ਹਰ ਇੱਕ ਵਿਸ਼ੇਸ਼ ਕੇਸ ਲਈ ਇੱਕ ਕਯੂ ਆਰ ਕੋਡ, ਮੋਬਾਇਲ ਐਪ ਵਿੱਚ ਕੇਸ ਹਿਸਟਰੀ ਦੇ ਅਧੀਨ ਉਪਲੱਬਧ ਹੈ।




**4.14. ਸਕੈਨ ਕਯੂ ਆਰ ਕੋਡ -**

ਮੋਬਾਇਲ ਫੋਨ ਤੋਂ ਪ੍ਰਾਪਤ ਕਯੂ ਆਰ ਕੋਡ ਨੂੰ ਕੇਸ ਬੰਡਲ ਵਿੱਚ ਪੇਸਟ ਕੀਤਾ ਜਾ ਸਕਦਾ ਹੈ ਅਤੇ ਇੱਕ ਖਾਸ ਕੇਸ ਦੀ ਸਥਿਤੀ ਪਤਾ ਕਰਨ ਲਈ ਇਸ ਨੂੰ ਮੋਬਾਇਲ ਐਪ ਵਿੱਚ ਸਕੈਨ ਕਯੂ ਆਰ ਕੋਡ ਵਿਕਲਪ ਦੀ ਵਰਤੋਂ ਕਰਦਿਆਂ ਅਸਾਨੀ ਨਾਲ ਸਕੈਨ ਕੀਤਾ ਜਾ ਸਕਦਾ ਹੈ।




**4.15. ਆਈ.ਏ ਵੇਰਵੇ:**

ਕੇਸ ਹਿਸਟਰੀ ਦੇ ਅਧੀਨ ਆਈਏ ਦਾ ਵੇਰਵਾ ਪ੍ਰਾਪਤ ਕੀਤਾ ਜਾ ਸਕਦਾ ਹੈ ਜੇਕਰ ਸਬੰਧਤ ਅਦਾਲਤ ਇਸ ਦਾ ਵੇਰਵਾ ਦਰਜ ਕਰਦੀ ਹੈ।



### 4.16. ਟ੍ਰਾਂਸਫਰ ਵੇਰਵੇ:

ਮੋਬਾਇਲ ਐਪ ਰਾਹੀਂ ਇੱਕ ਅਦਾਲਤ ਤੋਂ ਦੂਜੇ ਅਦਾਲਤ ਵਿੱਚ ਕੇਸ ਦੇ ਤਬਾਦਲੇ ਦੇ ਵੇਰਵੇ ਪ੍ਰਾਪਤ ਕੀਤੇ ਜਾ ਸਕਦੇ ਹਨ।

Case Transfer Details Between The Courts

| Transfer Date | From Court No. and Judge | To Court No. and Judge |
|---|---|---|
| 17-07-2018 | 15 - District Judge-13 and Addl Sessions Judge Abad | 21 - Adhoc District Judge-5 Asst Sessions Judge Abad |

### <u>4.17. ਅਧੀਨ ਅਦਾਲਤ ਦੀ ਜਾਣਕਾਰੀ:</u>

ਅਪੀਲ ਦੇ ਕੇਸ ਵਿੱਚ, ਅਧੀਨ ਅਦਾਲਤ ਦੀ ਜਾਣਕਾਰੀ ਉਪਲੱਬਧ ਹੈ।




Subordinate Court Information

| | |
|---|---|
| Court No. and Name | 5th Jt. Civil Judge J.D. J.M.F.C. Aurangabad |
| Case No. and Year | - 0000353 - 2014 |
| Case Decision Date | 14-11-2016 |


### 4.18.ਕੇਸ ਹਿਸਟਰੀ

ਕੇਸ ਹਿਸਟਰੀ ਤਹਿਤ, ਹੇਠ ਦਿੱਤੇ ਹੈੱਡ ਅਧੀਨ ਕੇਸ ਦਾ ਪੂਰਾ ਵੇਰਵਾ ਮਿਲ ਸਕਦਾ ਹੈ:-

- ਕੇਸ ਦੇ ਵੇਰਵੇ;
- ਕੇਸ ਦੀ ਸਥਿਤੀ,
- ਕਯੂ ਆਰ ਕੋਡ,
- ਪਟੀਸ਼ਨਰ ਅਤੇ ਵਕੀਲ
- ਜਵਾਬਦੇਹ ਅਤੇ ਵਕੀਲ
- ਐਕਟਾਂ
- ਕੇਸ ਦੀ ਸੁਣਵਾਈ ਦੀ ਹਿਸਟਰੀ
- ਅੰਤਮ ਆਦੇਸ਼ / ਜੱਜਮੈਂਟ



## 5. ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਦੁਆਰਾ ਪੂਰੀ ਕੇਸ ਹਿਸਟਰੀ ਪ੍ਰਾਪਤ ਕਰੋ।



### 6.ਕੇਸਾਂ ਦੀ ਖੋਜ ਵਿਕਲਪ

ਈ-ਕੋਰਟਸ ਮੋਬਾਇਲ ਐਪ ਅਧੀਨ ਦੋ ਮੁੱਖ ਖੋਜ ਮੀਨੂ ਹਨ:

(i) ਸੀ ਐਨ ਆਰ ਦੀ ਖੋਜ;

(ii) (ii) ਕੇਸ ਸਥਿਤੀ (ਖੋਜ);

ਆਓ ਆਪਾਂ ਹੇਠਾਂ ਇੱਕ-ਇੱਕ ਕਰਕੇ ਵੇਖੀਏ।

### 7. ਸੀ ਐਨ ਆਰ ਨੰਬਰ ਦੀ ਵਰਤੋਂ ਕਰਦੇ ਹੋਏ ਕੇਸਾਂ ਦੀ ਖੋਜ




ਸੀ ਐਨ ਆਰ ਨੰਬਰ ਦੁਆਰਾ ਖੋਜਣਾਂ ਮੋਬਾਇਲ ਐਪ ਦੀ ਵਰਤੋਂ ਕਰਦਿਆਂ ਤੁਹਾਡੇ ਫੋਨ ਵਿੱਚ ਕੇਸ ਵੇਰਵੇ ਪ੍ਰਾਪਤ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੈ। ਕੀ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਸੀ ਐਨ ਆਰ ਨੰਬਰ ਕੀ ਹੈ, ਫਿਰ ਕਿਰਪਾ ਕਰਕੇ ਪੜ੍ਹਨਾ ਜਾਰੀ ਰੱਖੋ।

### 7.1. ਸੀ ਐਨ ਆਰ ਨੰਬਰ ਕੀ ਹੈ:

ਸੀ ਐਨ ਆਰ ਦਾ ਅਰਥ ਹੈ ਕੇਸ ਨੰਬਰ ਰਿਕਾਰਡ। ਸੀ ਐਨ ਆਰ ਇੱਕ ਵਿਲੱਖਣ 16 ਅੰਕ ਦਾ ਨੰਬਰ ਹੈ ਜੋ ਸਾਰਿਆਂ ਕੇਸਾਂ ਨੂੰ ਦਿੱਤਾ ਜਾਂਦਾ ਹੈ। ਇਸ ਨੂੰ ਸੰਖੇਪ ਵਿੱਚ ਦੱਸਣ ਲਈ, ਇਹ ਇੱਕ ਵਿਲੱਖਣ ਕੇਸ ਪਛਾਣ ਨੰਬਰ ਹੈ ਜਿਸ ਦੁਆਰਾ ਕਿਸੇ ਵੀ ਕੇਸ ਦੀ ਪਛਾਣ ਕੀਤੀ ਜਾ ਸਕਦੀ ਹੈ। ਸੀ ਐਨ ਆਰ ਕੇਸ ਇਨਫਰਮੇਸ਼ਨ ਸਿਸਟਮ ਦੁਆਰਾ ਦਾਇਰ ਹਰੇਕ ਕੇਸ ਨੂੰ ਦਿੱਤਾ ਗਿਆ ਹੈ। ਇਹ ਰੇਲਵੇ ਟਿਕਟਾਂ ਵਿੱਚ ਵਰਤੇ ਜਾਂਦੇ ਪੀ ਐਨ ਆਰ ਨੰਬਰ ਵਰਗਾ ਹੈ। ਕੋਈ ਵੀ ਵਿਅਕਤੀ ਹਾਈ ਕੋਰਟ ਅਤੇ ਜ਼ਿਲ੍ਹਾ ਅਦਾਲਤ ਵਿੱਚ ਸੀ ਐਨ ਆਰ ਨੰਬਰ ਨਾਲ ਆਪਣਾ ਕੇਸ ਲੱਭ ਸਕਦਾ ਹੈ, ਜੋ ਕਿ 16 ਅੰਕਾਂ ਦਾ ਵਿਲੱਖਣ ਸੀ ਐਨ ਆਰ ਨੰਬਰ ਹੈ।

**ਸੀ ਐਨ ਆਰ (16 ਅੰਕ) ਵਿੱਚ (ਰਾਜ ਕੋਡ) (ਜ਼ਿਲ੍ਹਾ ਕੋਡ) ( ਸੰਸਥਾ ਕੋਡ )(ਕੇਸ ਫਾਈਲਿੰਗ ਨੰਬਰ) (ਫਾਈਲਿੰਗ ਸਾਲ) ਈ ਜੀ(ਜੇ ਕੇ) (ਏ ਐਨ) (01) (000638) (2017) ਸ਼ਾਮਲ ਹੈ।**

ਵੱਖ ਵੱਖ ਰਾਜਾਂ ਤੋਂ ਸੀ ਐਨ ਆਰ ਨੰਬਰ ਦੀ ਉਦਾਹਰਣ:

(i)ਪੰਜਾਬ

(ii) ਮੇਘਾਲਿਆ

| CNR Number | PBJL01-015294-2016 | MLSH04-000548-2017 | TNSA06-000398-2017 |
|---|---|---|---|
| State code (2 digits) | PB (Punjab) | ML (Megalaya ) | TN (Tamil Nadu) |
| District Code (2 digits) | JL (Jalandar) | SH (East Khasi district) | SA (Salem district) |
| Establishment Code (2 digits) | (01) (District and sessionscourt Establishment) | 04 (Chief Judicial Magistrate Establishment) | 05 (Principal District Munsif Establishment) |
| Case filing number (6 digits) | 014824 (Case number) | 000548 (Case Number) | 000470 (Case Number) |
| Filing year (4 digits) | 2015 (Filing Year) | 2017 (Filing Year) | 2017 (Filing Year) |
| Total (16digit) (State code) (District code) (Establishment code) (Case filing number) (Filing year) | (PB)(JL)(01) (014824)(2015) (Total 16 digits) | (ML)(SH)(04) (000548)(2017) (Total 16 digits) | (TN)(SA)(05) (000470)(2017) (Total 16 digits) |

(iii)ਤਾਮਿਲਨਾਡੂ ਤੋਂ ਸੀ ਐਨ ਆਰ ਨੰਬਰ ਦੀ ਉਦਾਹਰਣ ਸਪੱਸ਼ਟ ਸਮਝਣ ਲਈ ਹੇਠਾਂ ਦਿੱਤੀ ਗਈ ਹੈ:-

**7.2 ਆਪਣੇ ਸੀ ਐਨ ਆਰ ਨੰਬਰ ਬਾਰੇ ਕਿਵੇਂ ਪਤਾ ਕਰਨਾ ਹੈ:-**

ਇੱਕ ਧਿਰ / ਵਕੀਲ ਜਾਂ ਕੋਈ ਵੀ, ਦੋ ਤਰੀਕਿਆਂ ਨਾਲ ਹਰ ਕੇਸ ਲਈ ਸੀ ਐਨ ਆਰ ਪ੍ਰਾਪਤ ਕਰ ਸਕਦਾ ਹੈ:

(i) ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਤੋਂ;

(ii) ਈ-ਕੋਰਟਸ ਸਰਵਿਸਜ਼ ਵੈਬਸਾਈਟ ਲਿੰਕ ਤੋਂ।

**7.3 ਈ-ਕੋਰਟਸ ਮੋਬਾਇਲ ਐਪ ਤੋਂ ਸੀ ਐਨ ਆਰ ਨੰਬਰ ਕਿਵੇਂ ਪ੍ਰਾਪਤ ਕੀਤਾ ਜਾਵੇ:-**


ਸੀ ਐਨ ਆਰ ਨੰਬਰ ਪ੍ਰਾਪਤ ਕਰਨ ਲਈ, ਤੁਹਾਡੇ ਕੋਲ ਜ਼ਿਲ੍ਹਾ, ਅਦਾਲਤ ਦਾ ਨਾਂ ਅਤੇ ਕੋਈ ਵਿਸ਼ੇਸ਼ ਜਿਵੇਂ ਕਿ ਕੇਸ ਨੰਬਰ ਜਾਂ ਫਾਈਲਿੰਗ ਨੰਬਰ ਜਾਂ ਪਾਰਟੀਆਂ ਦਾ ਨਾਂ ਆਦਿ ਦੇ ਵੇਰਵੇ ਹੋਣੇ ਚਾਹੀਦੇ ਹਨ। ਆਓ ਆਪਾਂ ਕਦਮ-ਦਰ-ਕਦਮ ਪ੍ਰਕਿਰਿਆ ਵੇਖੀਏ ਕਿ ਕੇਸ ਨੰਬਰ ਦੀ ਵਰਤੋਂ ਕਰਦਿਆਂ ਈ-ਕੋਰਟਸ ਮੋਬਾਇਲ ਐਪ ਤੋਂ ਸੀ ਐਨ ਆਰ ਨੰਬਰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਉਦਾਹਰਣ: ਸਬ ਕੋਰਟ, ਅਵਿਨਾਸ਼ੀ ਤਿਰੂਪੁਰ, ਜ਼ਿਲ੍ਹਾ ਤਾਮਿਲਨਾਡੂ ਦੇ ਓ.ਐਸ. 50/2017 ਲਈ ਸੀ ਐਨ ਆਰ ਨੰਬਰ ਕਿਵੇਂ ਲੱਭਣਾ ਹੈ।

- **ਕਦਮ 1**: ਈ-ਕੋਰਟ ਸਰਵਿਸਿਜ਼ ਮੋਬਾਇਲ ਐਪ ਤੱਕ ਜਾਓ।
- **ਕਦਮ 2**: ਮੁੱਖ ਮੀਨੂ ਸਰਵਿਸਿਜ਼ ਤੋਂ ਕੇਸ ਦੀ ਸਥਿਤੀ ਦੀ ਚੋਣ ਕਰੋ।




- **ਕਦਮ 3**
- ਕੇਸ ਸਥਿਤੀ ਨੂੰ ਕਲਿੱਕ ਕਰੋ
- ਰਾਜ, ਜ਼ਿਲ੍ਹਾ ਦੀ ਚੋਣ ਕਰੋ
- ਕੇਸ ਨੰਬਰ ਵਿਕਲਪ ਦੀ ਚੋਣ ਕਰੋ
- ਕੇਸ ਦੀ ਕਿਸਮ ਨੂੰ ਚੁਣੋ
- ਕੇਸ ਨੰਬਰ ਅਤੇ ਸਾਲ ਦਰਜ ਕਰੋ
- 'ਗੋ' ਤੇ ਕਲਿੱਕ ਕਰੋ
- ਅਦਾਲਤ ਦੇ ਨਾਂ ਤੇ ਕਲਿੱਕ ਕਰੋ ਤਾਂ ਕੇਸ ਵੇਰਵੇ ਪੇਸ਼ ਹੋਣਗੇ।
- ਕੇਸ ਨੰਬਰ (OS/50/2017) ਤੇ ਕਲਿੱਕ ਕਰੋ ਜੋ ਅੰਡਰਲਾਈਨ ਹੈ ਅਤੇ ਨੀਲੇ ਰੰਗ ਵਿੱਚ ਦਿਖਾਇਆ ਗਿਆ ਹੈ
- ਕੇਸ ਦੇ ਵੇਰਵੇ ਸੀ ਐਨ ਆਰ ਨੰਬਰ ਦੇ ਨਾਲ ਪੇਸ਼ ਹੋਣਗੇ
- (ਰੈਡੀ ਰੈਫਰੈਂਸ ਲਈ ਕਦਮ 1 ਤੋਂ 6 ਸਕ੍ਰੀਨਸ਼ਾਟ ਹੇਠਾਂ ਦਰਸਾਏ ਗਏ ਹਨ)




**7.4. ਸੀ ਐਨ ਆਰ ਨੰਬਰ ਦੀ ਵਰਤੋਂ ਕਰਕੇ ਕੇਸਾਂ ਦੀ ਖੋਜ ਕਿਵੇਂ ਕੀਤੀ ਜਾਵੇ:-**

ਆਓ ਹੁਣ ਵੇਖੀਏ ਕਿ ਕਿਵੇਂ ਸੀ ਐਨ ਆਰ ਨੰਬਰ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਦੀ ਖੋਜ ਕੀਤੀ ਜਾ ਸਕਦੀ ਹੈ

**ਕਦਮ 1** : ਮੋਬਾਇਲ ਐਪ ਤੇ ਸੀ ਐਨ ਐਨ ਆਰ ਆਈਕਨ ਕਲਿੱਕ ਕਰੋ

**ਕਦਮ 2**: ਸੀ ਐਨ ਆਰ ਨੰਬਰ ਦਰਜ ਕਰੋ


**ਕਦਮ 3**: ਖੋਜ ਬਟਨ ਨੂੰ ਕਲਿੱਕ ਕਰੋ


**ਕਦਮ 4**: ਕੇਸ ਹਿਸਟਰੀ ਪਰਦਰਸ਼ਤ ਕਰਦੀ ਹੈ • ਕੇਸ ਵੇਰਵੇ • ਕੇਸ ਸਥਿਤੀ • ਪਟੀਸ਼ਨਰ ਅਤੇ ਵਕੀਲ ਦੇ ਵੇਰਵੇ • ਉੱਤਰਵਾਦੀ ਅਤੇ ਵਕੀਲ ਦੇ ਵੇਰਵੇ • ਐਕਟਾਂ ਦੇ ਵੇਰਵੇ • ਐਫ.ਆਈ.ਆਰ. ਦੇ ਵੇਰਵੇ • ਕੇਸ ਦੀ ਸੁਣਵਾਈ ਦਾ ਇਤਿਹਾਸ • ਅੰਤਮ ਆਦੇਸ਼/ਜੱਜਮੈਂਟ

**ਕਦਮ 5**: "ਕੇਸ ਵੇਰਵੇ" ਹੈਡਿੰਗ ਤੇ ਕਲਿੱਕ ਕਰੋ

**ਕਦਮ 6**: ਇਹ ਸੀ ਐਨ ਆਰ ਨੰਬਰ ਸਮੇਤ ਕੇਸ ਦੇ ਵੇਰਵੇ ਦਰਸਾਏਗਾ।

(ਰੈਡੀ ਰੈਫਰੈਂਸ ਲਈ ਕਦਮ 1 ਤੋਂ 6 ਸਕ੍ਰੀਨਸ਼ਾਟ ਇੱਥੇ ਦਰਸਾਏ ਗਏ ਹਨ।)




**8. ਕੇਸ ਸਥਿਤੀ ਦੀ ਖੋਜ ਕਰੋ: ਵੱਖ ਵੱਖ ਅਹੁਦਿਆਂ ਦੀ ਵਰਤੋਂ ਕਰਦੇ ਹੋਏ**

ਸੱਤ ਵਿਕਲਪਾਂ ਨਾਲ ਆਪਣੇ ਕੇਸ ਦੀ ਸਥਿਤੀ ਦੀ ਖੋਜ ਕਰੋ।

**(i) ਕੇਸ ਨੰਬਰ**

**(ii) ਫਾਈਲਿੰਗ ਨੰਬਰ**

**(iii) ਵਕੀਲ**

**(iv) ਕੇਸ ਦੀ ਕਿਸਮ**

**(v) ਪਾਰਟੀ ਦਾ ਨਾਂ**

**(vi) ਐਫ ਆਈ ਆਰ ਨੰਬਰ**

**(vii) ਐਕਟ**

**(viii) ਪ੍ਰੀ ਟ੍ਰਾਇਲ ਐਪਲੀਕੇਸ਼ਨ**

**(ix) ਕੈਵੀਅਟ**

ਜੇ ਕਿਸੇ ਵਿਅਕਤੀ ਨੂੰ ਸੀ ਐਨ ਆਰ ਨੰਬਰ ਨਹੀਂ ਪਤਾ ਹੈ, ਤਾਂ ਕਿਸੇ ਵੀ ਇੱਕ ਵਿਕਲਪ ਦੀ ਵਰਤੋਂ ਕਰਕੇ ਕੇਸ ਦੀ ਖੋਜ ਕੀਤੀ ਜਾ ਸਕਦੀ ਹੈ। ਹੁਣ ਆਓ ਅਸੀਂ ਕੇਸ ਦੀ ਸਥਿਤੀ ਅਧੀਨ ਪਹਿਲੇ ਵਿਕਲਪ ਨੂੰ ਵੇਖਦੇ ਹਾਂ, ਭਾਵ ਕੇਸ ਨੰਬਰ ਵਿਕਲਪ ਦੀ ਵਰਤੋਂ ਕਰਦੇ ਹੋਏ।

ਮੋਬਾਇਲ ਐਪ ਤੇ ਕੇਸ ਸਥਿਤੀ ਨੂੰ ਕਲਿੱਕ ਕਰੋ --> ਰਾਜ ਦੀ ਚੋਣ ਕਰੋ --> ਜ਼ਿਲ੍ਹਾ --> ਕੋਈ ਵੀ ਇੱਕ ਵਿਕਲਪ ਤੇ ਕਲਿੱਕ ਕਰੋ, ਸੰਬੰਧਤ ਫਾਰਮ ਖੁਲ੍ਹਣਗੇ --> ਵੇਰਵੇ ਦਰਜ਼ ਕਰੋ --> ਕੇਸਾਂ ਦੀ ਸੂਚੀ ਪ੍ਰਦਰਸ਼ਤ ਹੋਵੇਗੀ --> ਜੇ ਕੇਸ ਨੰਬਰ ਤੇ ਕਲਿੱਕ ਕੀਤਾ ਜਾਂਦਾ ਹੈ ਤਾਂ ਇਸ ਦਾ

ਕੇਸ ਦੀ ਹਿਸਟਰੀ ਵਿੱਚ ਹੋਰ ਵਿਸਥਾਰ ਹੋਵੇਗਾ --> ਹੈਡਾਂ ਤੇ ਕਲਿੱਕ ਕਰੋ

ਜੋ ਵੇਰਵਿਆਂ ਨੂੰ ਅੱਗੇ ਵਧਾਉਣਗੇ।




**8.1 ਕੇਸ ਨੰਬਰ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਨੂੰ ਵੇਖਣਾ**

ਆਓ ਹੁਣ ਕੇਸ ਦੀ ਸਥਿਤੀ ਅਧੀਨ ਪਹਿਲੇ ਵਿਕਲਪ ਨੂੰ ਵੇਖੀਏ, ਭਾਵ ਮੋਬਾਇਲ ਐਪਲੀਕੇਸ਼ਨ ਦੀ “ਈ-ਕੋਰਟਸ ਸਰਵਿਸਿਜ਼” ਦੇ ਕੇਸ ਨੰਬਰ ਵਿਕਲਪ ਦੀ ਵਰਤੋਂ ਕਰਦੇ ਹੋਏ।

**ਕਦਮ 1**: ਮੀਨੂ ਤੋਂ ਕੇਸ ਦੀ ਸਥਿਤੀ ਤੇ ਕਲਿੱਕ ਕਰੋ

**ਕਦਮ 2**: ਰਾਜ ਅਤੇ ਜ਼ਿਲ੍ਹੇ ਦੀ ਚੋਣ ਕਰੋ

**ਕਦਮ 3**: ਕੇਸ ਨੰਬਰ ਵਿਕਲਪ ਨੂੰ ਕਲਿੱਕ ਕਰੋ

ਕੇਸ ਨੰਬਰ ਵਿਕਲਪ ਨੂੰ ਦਰਸਾਉਂਦੇ ਫਾਰਮ ਵਿੱਚ ਹੇਠ ਲਿਖੇ ਵੇਰਵਿਆਂ ਨੂੰ ਭਰੋ:-




- ਕੋਰਟ ਕੰਪਲੈਕਸ
- ਕੇਸ ਦੀ ਕਿਸਮ
- ਕੇਸ ਨੰਬਰ
- ਸਾਲ

**ਕਦਮ** 4: ਵੇਰਵਿਆਂ ਨੂੰ ਭਰਨ ਤੋਂ ਬਾਅਦ 'ਗੋ' ਤੇ ਕਲਿੱਕ ਕਰੋ

**ਕਦਮ** 5: ਕੇਸਾਂ ਦੀ ਕੁੱਲ ਸੰਖਿਆ ਨੂੰ ਅਦਾਲਤ ਅਨੁਸਾਰ ਪ੍ਰਦਰਸ਼ਤ ਕੀਤਾ ਜਾਂਦਾ ਹੈ ਅਤੇ ਕਲਿੱਕ ਕਰਨ ਤੇ ਇਹ ਕੇਸ ਨੰਬਰ ਖੋਲੇਗਾ।

**ਕਦਮ** 6: ਜੇ ਅਸੀਂ ਕੇਸ ਨੰਬਰ ਤੇ ਕਲਿੱਕ ਕਰਦੇ ਹਾਂ ਇਹ ਹੇਠ ਲਿਖੇ ਮੀਨੂ ਖੋਲ੍ਹੇਗਾ

(i) ਕੇਸ ਵੇਰਵੇ

(ii) ਕੇਸ ਦੀ ਸਥਿਤੀ

(iii) ਪਟੀਸ਼ਨਰ ਅਤੇ ਵਕੀਲ

(iv) ਉੱਤਰਵਾਦੀ ਅਤੇ ਵਕੀਲ

(v) ਐਕਟਾਂ

(vi) ਐਫ ਆਈ ਆਰ ਦੇ ਵੇਰਵੇ

(vii) ਅਧੀਨ ਅਦਾਲਤ ਦੀ ਜਾਣਕਾਰੀ


(viii) ਕੇਸ ਦੀ ਸੁਣਵਾਈ ਦੀ ਹਿਸਟਰੀ

(ix) ਅੰਤਰਿਮ ਆਦੇਸ਼

(x) ਅੰਤਮ ਆਦੇਸ਼ / ਜੱਜਮੈਂਟ

**(* ਕੇਸ ਦੀ ਸਥਿਤੀ ਵਿਕਲਪ ਦੀ ਵਰਤੋਂ ਕਰਦਿਆਂ ਇਹ ਪੁਸ਼ਟੀ ਕਰੋ ਕਿ ਰਾਜ, ਜ਼ਿਲ੍ਹੇ ਦੀ ਚੋਣ ਕੀਤੀ ਗਈ ਹੈ।)**

### 8.2 ਫਾਈਲਿੰਗ ਨੰਬਰ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਨੂੰ ਵੇਖਣਾ:




ਕੇਸ ਸਥਿਤੀ ਵਿੱਚ ਉਪਲੱਬਧ ਦੂਜਾ ਵਿਕਲਪ ਫਾਈਲਿੰਗ ਨੰਬਰ ਦੀ ਵਰਤੋਂ ਕਰਨਾ ਹੈ:

**ਫਾਈਲਿੰਗ ਨੰਬਰ ਨਾਲ ਕਿਵੇਂ ਖੋਜ ਕੀਤੀ ਜਾਵੇ**

→ ਰਾਜ, ਜ਼ਿਲ੍ਹੇ ਦੀ ਚੋਣ ਕਰੋ

→ ਫਾਈਲਿੰਗ ਨੰਬਰ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਡਰੋਪ ਬਾਕਸ ਦੀ ਚੋਣ ਕਰੋ

→ ਫਾਈਲਿੰਗ ਨੰਬਰ ਅਤੇ ਸਾਲ ਤੇ ਕਲਿੱਕ ਕਰੋ

→ ਗੋ ਤੇ ਕਲਿੱਕ ਕਰੋ

→ ਕੁੱਲ ਕੇਸਾਂ ਦੀ ਗਿਣਤੀ ਤੇ ਕਲਿੱਕ ਕਰੋ

→ ਕੇਸ ਹਿਸਟਰੀ ਖੁਲ੍ਹੇਗੀ ਅਤੇ ਹਰ ਹੈਡ ਤੇ ਕਲਿੱਕ ਕਰਨ ਤੇ ਇਹ ਅੱਗੇ ਵੇਰਵੇ ਖੋਲ੍ਹੇਗਾ।

### 8.3 ਐਫ.ਆਈ.ਆਰ ਨੰਬਰ ਦੀ ਵਰਤੋਂ ਕਰਦੇ ਹੋਏ ਖੋਜ ਕਰੋ:

**ਐਫ.ਆਈ.ਆਰ ਨੰਬਰ ਨਾਲ ਕਿਵੇਂ ਖੋਜ ਕੀਤੀ ਜਾਏ:-**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ ਜ਼ਿਲ੍ਹੇ ਦੀ ਚੋਣ ਕਰੋ

→ ਐਫ ਆਈ ਆਰ ਨੰਬਰ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਦੀ ਚੋਣ ਕਰੋ

→ ਥਾਣੇ ਦੀ ਚੋਣ ਕਰੋ

→ ਐਫ ਆਈ ਆਰ ਨੰਬਰ ਅਤੇ ਸਾਲ ਦਰਜ਼ ਕਰੋ

→ ਰੇਡੀਓ ਬਟਨ ਪੈਂਡਿੰਗ / ਡਿਸਪੋਜ਼ਲ / ਦੋਵਾਂ ਦੀ ਚੋਣ ਕਰੋ

→ ਗੋ ਤੇ ਕਲਿੱਕ ਕਰੋ

→ ਪ੍ਰਦਰਸ਼ਤ ਨੰਬਰ ਤੇ ਕਲਿੱਕ ਕਰੋ

→ ਕੇਸ ਨੰਬਰ ਤੇ ਕਲਿੱਕ ਕਰੋ ਅਤੇ ਅੱਗੇ ਕੇਸ ਹਿਸਟਰੀ ਖੋਲ੍ਹੇਗੀ

**8.4 ਐਡਵੋਕੇਟ ਵਿਕਲਪ ਦੀ ਵਰਤੋਂ ਕਰਦੇ ਹੋਏ ਕੇਸ ਦੀ ਸਥਿਤੀ ਨੂੰ ਵੇਖਣਾ:**

ਇਹ ਖੋਜ ਵਿਕਲਪ ਕਿਸੇ ਵੀ ਵਕੀਲ ਲਈ ਇੱਕ ਡਿਜ਼ਿਟਲ ਕਲਰਕ ਹੈ ਕਿਉਂਕਿ ਇਹ ਇੱਕ ਕਲਰਕ ਦਾ ਕਾਫੀ ਕੰਮ ਕਰਦਾ ਹੈ। ਇਹ ਵਿਕਲਪ ਵਕੀਲਾਂ ਨੂੰ ਉਹਨਾਂ ਦੇ ਹੈਂਡਸੈੱਟ ਵਿੱਚ ਉਹਨਾਂ ਦੇ ਨਾਂ ਤੇ ਸਾਰੀਆਂ ਅਦਾਲਤਾਂ ਵਿੱਚ ਕਿੰਨੇ ਕੇਸ ਵਿਚਾਰ ਅਧੀਨ ਹਨ; ਇੱਕ ਖਾਸ ਮਿਤੀ ਤੇ ਕਿਹੜੇ ਕੇਸ ਸੂਚੀਬੱਧ ਕੀਤੇ ਗਏ; ਅਤੇ ਸਾਰੇ ਕੇਸ ਕਿਸ ਪੜਾਅ ਤੇ ਹਨ, 24x7 ਦਰਸਾਏਗਾ। ਇੱਕ ਵਕੀਲ ਹੇਠ ਦਿੱਤੀਆਂ ਤਿੰਨ ਵਿਕਲਪਾਂ ਅਧੀਨ ਖੋਜ ਵਿਕਲਪ ਦੀ ਵਰਤੋਂ ਕਰ ਸਕਦਾ ਹੈ:

(i) ਵਕੀਲ ਦੇ ਨਾਂ ਨਾਲ ਖੋਜ

(ii) ਬਾਰ ਕੋਡ ਨੰਬਰ ਨਾਲ ਖੋਜ

(iii) ਇੱਕ ਖਾਸ ਵਕੀਲ ਦੀ ਮਿਤੀ ਕੇਸ ਸੂਚੀ ਦੀ ਵਰਤੋਂ ਕਰਦੇ ਹੋਏ ਇੱਕ ਖਾਸ ਦਿਨ ਤੇ ਸੂਚੀ ਬੱਧ ਕੇਸਾਂ ਦੀ ਖੋਜ

**8.4.1 ਵਕੀਲ ਦੇ ਨਾਂ ਦੁਆਰਾ ਖੋਜ**

ਜੇ ਕੋਈ ਵਕੀਲ ਜਾਣਨਾ ਚਾਹੁੰਦਾ ਸੀ ਕਿ ਉਸਦੇ ਨਾਂ ਤੇ ਕਿੰਨੇ ਕੇਸ ਵਿਚਾਰ ਅਧੀਨ ਹਨ ਜਾਂ ਉਸਦੇ ਨਾਂ ਤੇ

ਕਿੰਨੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ, ਤਾਂ ਇਹ ਸਭ ਵਕੀਲ ਦੇ ਨਾਂ ਵਾਲੇ ਵਿਕਲਪ ਦੀ ਵਰਤੋਂ ਕਰਦਿਆਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਉਦਾਹਰਣ ਵਜੋਂ** ਇੱਥੇ ਵਿਖਾਈ ਗਈ ਸਕ੍ਰੀਨਸ਼ਾਟ ਵਿੱਚ ਵਕੀਲ ਦੇ ਨਾਂ ਨਾਲ ਖੋਜ ਵਕੀਲ ਦੇ ਨਾਂ "ਰਾਜੱਪਾ" ਨਾਲ ਕੀਤੀ ਗਈ ਹੈ ਜੋ ਥੰਜਾਵਰ, ਤਾਮਿਲਨਾਡੂ ਵਿੱਚ 13 ਲੰਬਿਤ ਕੇਸਾਂ ਨੂੰ ਦਰਸਾਉਂਦੀ ਹੈ ਅਤੇ ਇਹ ਵੀ ਦਰਸਾਉਂਦੀ ਹੈ ਕਿ ਕੋਰਟ ਵਾਰ ਕਿੰਨੇ ਕੇਸ ਵਿਚਾਰ ਅਧੀਨ ਹਨ। ਜੇ ਨੰਬਰ ਉੱਤੇ ਕਲਿੱਕ ਕੀਤਾ ਜਾਂਦਾ ਹੈ, ਤਾਂ ਇਹ ਪੂਰੀ ਸੂਚੀ ਦਿਖਾਏਗੀ ਜੋ ਕਿ ਕੇਸ ਹਿਸਟਰੀ ਨਾਲ ਵਿਸਤ੍ਰਿਤ ਹੈ।

**ਵਕੀਲ ਦੇ ਨਾਂ ਨਾਲ ਕਿਵੇਂ ਖੋਜ ਕਰੀਏ**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ, ਜ਼ਿਲ੍ਹੇ ਦੀ ਚੋਣ ਕਰੋ

→ ਐਡਵੋਕੇਟ ਦੇ ਵਿਕਲਪ ਤੇ ਕਲਿੱਕ ਕਰੋ


→ ਰੇਡੀਓ ਬਟਨ ਦੀ ਚੋਣ ਕਰੋ

**ਵਕੀਲ ਦਾ ਨਾਂ**

→ 'ਗੋ' ਤੇ ਕਲਿੱਕ ਕਰੋ

→ ਹਰੇਕ ਸੰਸਥਾ ਦੇ ਕੇਸਾਂ ਦੀ ਗਿਣਤੀ ਤੇ ਕਲਿੱਕ ਕਰੋ ਜੋ ਪ੍ਰਦਰਸ਼ਿਤ ਹੁੰਦਾ ਹੈ

→ ਕੇਸ ਨੰਬਰ ਤੇ ਕਲਿੱਕ ਕਰੋ ਤਾਂ ਇਹ ਕੇਸ ਹਿਸਟਰੀ ਨੂੰ ਦਰਸਾਏਗਾ




### 8.4.2. ਬਾਰ ਕੋਡ ਦੀ ਵਰਤੋਂ ਕਰਦਿਆਂ ਖੋਜ ਕਰੋ:

ਇੱਕ ਵਕੀਲ ਆਪਣੇ ਐਡਵੋਕੇਟ ਬਾਰ ਕੋਡ ਦੀ ਵਰਤੋਂ ਕਰਕੇ ਆਪਣੇ ਕੇਸਾਂ ਅਤੇ ਕਾਜ਼ ਲਿਸਟ ਦੀ ਖੋਜ ਕਰ ਸਕਦਾ ਹੈ। ਇਹ ਜ਼ਿਲ੍ਹੇ ਵਿੱਚ ਸਾਰੀਆਂ ਸੰਸਥਾਵਾਂ ਲਈ ਲੰਬਿਤ ਪਏ ਅਤੇ ਨਿਪਟਾਰਾ ਕੀਤੇ ਗਏ ਕੁੱਲ ਕੇਸਾਂ ਨੂੰ ਪ੍ਰਦਰਸ਼ਤ ਕਰੇਗਾ। ਮਿਤੀ ਕਾਜ਼ ਲਿਸਟ ਦੇ ਇੱਕ ਹੋਰ ਵਿਕਲਪ ਵਿੱਚ ਬਾਰ ਕੋਡ ਦੀ ਵਰਤੋਂ

ਕਰਦਿਆਂ ਇੱਕ ਵਕੀਲ ਆਪਣੀ ਕਾਜ਼ ਲਿਸਟ ਪ੍ਰਾਪਤ ਕਰ ਸਕਦਾ ਹੈ ਜਿਸ ਬਾਰੇ ਅਗਲੇ ਪੈਰ੍ਹੇ ਵਿੱਚ ਵੀ ਦੱਸਿਆ ਗਿਆ ਹੈ। ਇਸ ਸਮੇਂ ਇਹ ਦੱਸਣਾ ਮਹੱਤਵਪੂਰਨ ਹੈ ਕਿ ਐਡਵੋਕੇਟ ਬਾਰ ਕੋਡ ਇੱਕ ਵਿਲੱਖਣ ਪਛਾਣ ਨੰਬਰ ਹੈ ਜਿਸਦਾ ਸਹੀ ਢੰਗ ਨਾਲ ਡਾਟਾ ਬੇਸ ਵਿੱਚ ਇੰਦਰਾਜ਼ ਹੋਣਾ ਚਾਹੀਦਾ ਹੈ। ਜੇਕਰ ਕੋਈ ਵਕੀਲ ਇਹ ਦੇਖਦਾ ਹੈ ਕਿ ਉਸਦਾ ਬਾਰ ਕੋਡ ਮੋਬਾਇਲ ਐਪ ਵਿੱਚ ਸਹੀ ਢੰਗ ਨਾਲ ਪ੍ਰਦਰਸ਼ਿਤ ਨਹੀਂ ਹੁੰਦਾ ਹੈ ਤਾਂ ਕਿਰਪਾ ਕਰਕੇ ਬਾਰ ਕੋਡ ਨੂੰ ਸਹੀ ਢੰਗ ਨਾਲ ਦਰਜ਼ ਕਰਨ ਲਈ ਸਬੰਧਤ ਕੋਰਟ ਨੂੰ ਸੂਚਿਤ ਕਰੋ, ਜਿਸ ਨਾਲ ਤੁਸੀ ਰਜਿਸਟਰ ਹੋ।

<u>ਉਦਾਹਰਣ:</u>

ਮਹਾਂਰਾਸ਼ਟਰ ਐਡਵੋਕੇਟ ਕੋਡ ਨਾਲ ਖੋਜ ਦਿਖਾਉਂਦੀ ਹੈ ਕਿ ਅਗਰਵਾਲ ਕੇ.ਡੀ., ਵਕੀਲ ਦੇ ਨਾਂ ਤੇ ਕੁੱਲ 778 ਕੇਸ ਹਨ।

**ਐਡਵੋਕੇਟ ਬਾਰ ਕੋਡ ਨਾਲ ਕਿਵੇਂ ਖੋਜ ਕਰੀਏ**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ, ਜ਼ਿਲ੍ਹੇ ਦੀ ਚੋਣ ਕਰੋ

→ ਐਡਵੋਕੇਟ ਵਿਕਲਪ ਤੇ ਕਲਿੱਕ ਕਰੋ

→ ਰੇਡੀਓ ਬਟਨ ਦੀ ਚੋਣ ਕਰੋ

**ਬਾਰ ਕੋਡ**

→ 'ਗੋ' ਤੇ ਕਲਿੱਕ ਕਰੋ

→ ਹਰੇਕ ਸੰਸਥਾ ਦੇ ਕੇਸਾਂ ਦੀ ਗਿਣਤੀ ਤੇ ਕਲਿੱਕ ਕਰੋ ਜੋ ਪ੍ਰਦਰਸ਼ਿਤ ਹੁੰਦਾ ਹੈ

→ ਕੇਸ ਨੰਬਰ ਤੇ ਕਲਿੱਕ ਕਰੋ ਤਾਂ ਇਹ ਕੇਸ ਹਿਸਟਰੀ ਨੂੰ ਦਰਸਾਏਗਾ

Case History

DISTRICT AND SESSIONS COURT CHANDIGARH

| Case Details | |
|---|---|
| Case Type | NACT |
| Filing Number | 1312/2020 |
| Filing Date | 21-07-2020 |
| Registration Number | 5/2020 |
| Registration Date | 22-07-2020 |
| CNR Number | CHCH010032942020 |

### 8.4.3 ਡੇਟ ਕੇਸ ਲਿਸਟ (ਐਡਵੋਕੇਟ ਕਾਜ਼ ਲਿਸਟ) ਦੀ ਵਰਤੋਂ ਕਰਦਿਆਂ ਖੋਜ ਕਰੋ

ਜੇ ਕੋਈ ਵਕੀਲ ਆਪਣੇ ਨਾਂ ਵਾਰ ਕਾਜ਼ ਲਿਸਟ ਬਾਰੇ ਜਾਣਨਾ ਚਾਹੁੰਦਾ ਹੈ, ਯਾਨੀ ਕਿ ਕਿਸੇ ਖਾਸ ਤਰੀਕ ਨੂੰ ਅਦਾਲਤ ਵਿੱਚ ਉਸ ਦੇ ਨਾਂ ਤੇ ਕਿੰਨੇ ਕੇਸ ਆ ਰਹੇ ਹਨ, ਤਾਂ ਇਸ ਡੇਟ ਕੇਸ ਲਿਸਟ ਵਿਕਲਪ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਐਡਵੋਕੇਟ ਕਾਜ਼ ਲਿਸਟ ਕੱਢੀ ਜਾ ਸਕਦੀ ਹੈ। ਐਡਵੋਕੇਟ ਕਾਜ਼ ਲਿਸਟ ਦਾ ਫਾਇਦਾ ਇਹ ਹੈ ਕਿ ਇਹ ਕਿਸੇ ਖਾਸ ਤਰੀਕ ਨੂੰ ਸੂਚੀਬੱਧ ਹੋਏ ਕੇਸਾਂ ਨੂੰ ਕੇਸ ਦੇ ਪੜਾਅ ਦੇ ਨਾਲ ਦਰਸਾਵੇਗੀ।

**ਇੱਕ ਵਕੀਲ ਲਈ ਤਾਰੀਖ ਵਾਰ ਕਾਜ਼ ਲਿਸਟ ਦੀ ਕਿਵੇਂ ਖੋਜ ਕਰੀਏ**

→ ਡੇਟ ਕੇਸ ਲਿਸਟ (ਐਡਵੋਕੇਟ ਕਾਜ਼ ਲਿਸਟ) ਪ੍ਰਾਪਤ ਕਰਨ ਲਈ ਕੇਸ ਸਥਿਤੀ ਤੇ ਕਲਿੱਕ ਕਰੋ

→ ਡੇਟ ਕੇਸ ਲਿਸਟ ਤੇ ਕਲਿੱਕ ਕਰੋ


→ ਫਿਰ ਬਾਰ ਕੋਡ ਦਾਖਲ ਕਰੋ

→ ਫਿਰ ਤਾਰੀਖ ਦੀ ਚੋਣ ਕਰੋ

→ ‘ਗੋ’ ਤੇ ਕਲਿੱਕ ਕਰੋ


→ ਕੇਸਾਂ ਦੀ ਕੁੱਲ ਗਿਣਤੀ ਤੇ ਕਲਿੱਕ ਕਰੋ

→ ਫਿਰ ਐਡਵੋਕੇਟ ਕਾਜ਼ ਲਿਸਟ ਪ੍ਰਦਰਸ਼ਤ ਕੀਤੀ ਜਾਵੇਗੀ।



## 8.5. ਕੇਸ ਟਾਈਪ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਵੇਖਣਾ :

ਜੇਕਰ ਕੋਈ ਵਿਅਕਤੀ ਕੇਸ ਦੀ ਕਿਸਮ ਦੀ ਖੋਜ ਕਰਨਾ ਚਾਹੁੰਦਾ ਸੀ ਜਿਵੇਂ ਕਿ ਅਪੀਲ ਟਾਈਪ ਕੇਸਿਸ, ਤਾਂ ਇਸ ਵਿਕਲਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੋਈ ਵੀ ਕੇਸ ਟਾਈਪ ਚੁਣ ਕੇ ਕੇਸ ਟਾਈਪ ਅਨੁਸਾਰ ਲਿਸਟ ਪ੍ਰਾਪਤ ਕਰ ਸਕਦਾ ਹੈ।




**ਕੇਸ ਕਿਸਮ ਵਿਕਲਪ ਦੀ ਵਰਤੋਂ ਕਰਦਿਆਂ ਖੋਜ ਕਿਵੇਂ ਕਰੀਏ**

→ ਕੇਸ ਕਿਸਮ ਤੇ ਕਲਿੱਕ ਕਰੋ

→ ਕੇਸ ਕਿਸਮ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਵਿਕਲਪ ਚੁਣੋ

→ ਕੇਸ ਕਿਸਮ ਚੁਣੋ

→ ਸਾਲ ਦਰਜ਼ ਕਰੋ

→ ਰੇਡੀਓ ਬਟਨ ਪੈਡਿੰਗ/ਨਿਪਟਾਰਾ ਕੀਤਾ ਗਿਆ ਤੇ ਕਲਿੱਕ ਕਰੋ

→ 'ਗੋ' ਤੇ ਕਲਿੱਕ ਕਰੋ

→ ਕੇਸ ਕਿਸਮ ਨਾਲ ਪ੍ਰਦਰਸ਼ਤ ਹੋਏ ਕੇਸਾਂ ਤੇ ਕਲਿੱਕ ਕਰੋ

Sub Court,Avinashi : 49

| Sr.No | Case Number | Party Name |
|---|---|---|
| 1 | AS/57/2018 | Rajan nagar welfare Society vs SUBRAMANIAM |
| 2 | AS/56/2018 | Chinnasamy vs Deivasigamani(Died) |
| 3 | AS/55/2018 | Ramasamy gounder (DIED) vs Karuppa gounder (DIED) |
| 4 | AS/54/2018 | Kesavamorthy vs Ruckmani |
| 5 | AS/53/2018 | Poovathal vs Kumarasamy gounder |

→ ਕੇਸ ਨੰਬਰ ਤੇ ਕਲਿੱਕ ਕਰੋ ਇਸ ਨਾਲ ਅੱਗੇ ਕੇਸ ਹਿਸਟਰੀ ਖੁਲ੍ਹ ਜਾਏਗੀ

→ ਜੇਕਰ ਅਸੀਂ ਹੈਡਿੰਗ ਤੇ ਕਲਿੱਕ ਕਰਦੇ ਹਾਂ, ਤਾਂ ਅੱਗੇ ਕੇਸ ਵੇਰਵੇ ਖੁਲ੍ਹ ਜਾਣਗੇ

**8.6 ਪਾਰਟੀ ਵਿਕਲਪ ਦੀ ਵਰਤੋਂ ਕਰਦਿਆਂ ਕੇਸ ਦੀ ਸਥਿਤੀ ਨੂੰ ਵੇਖਣਾ:**

ਕੋਈ ਵੀ ਇਸ "ਪਾਰਟੀ ਵਿਕਲਪ " ਦੀ ਵਰਤੋਂ ਕਰਦਿਆਂ ਨਾਂ ਦੁਆਰਾ ਕੇਸਾਂ ਦੀ ਖੋਜ ਕਰ ਸਕਦਾ ਹੈ। ਉਦਾਹਰਣ ਦੇ ਤੌਰ ਤੇ ਜੇ ਕੋਈ ਜਾਣਨਾ ਚਾਹੁੰਦਾ ਹੈ ਕਿ "ਰੰਗਾਸਵਾਮੀ" ਦੇ ਨਾਂ ਤੇ ਕੋਈ ਕੇਸ ਹੈ ਜਾਂ ਨਹੀਂ। ਹੇਠਾਂ ਦਿੱਤੇ ਗਏ ਕਦਮਾਂ ਦੀ ਪਾਲਣਾ ਕਰੋ ਅਤੇ ਨਾਂ ਦੇ ਨਾਲ ਕੇਸਾਂ ਦੀ ਖੋਜ ਕਰੋ ਅਤੇ "ਰੰਗਾਸਵਾਮੀ" ਦੇ ਨਾਂ ਤੇ ਕੇਸ ਪ੍ਰਦਰਸ਼ਿਤ ਹੁੰਦੇ ਹਨ ਜੋ ਕਿ ਹੇਠਾਂ ਸਕ੍ਰੀਨਸ਼ਾਟ ਵਿੱਚ ਵਿਖਾਇਆ ਗਿਆ ਹੈ।

**ਪਾਰਟੀ ਦੇ ਨਾਂ ਤੋਂ ਕੇਸ ਦੀ ਖੋਜ ਕਿਵੇਂ ਕਰੀਏ:**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ, ਜ਼ਿਲ੍ਹੇ ਦੀ ਚੋਣ ਕਰੋ


→ ਪਾਰਟੀ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਦੀ ਚੋਣ ਕਰੋ

→ ਪਟੀਸ਼ਨਰ/ਜਵਾਬਦੇਹ ਦਾ ਨਾਂ ਚੁਣੋ

→ ਸਾਲ ਦਰਜ਼ ਕਰੋ

→ ਰੇਡੀਓ ਬਟਨ ਦੀ ਚੋਣ ਕਰੋ



ਲੰਬਿਤ/ਨਿਪਟਾਰਾ ਕੀਤੇ ਗਏ/ਦੋਵੇਂ

→ 'ਗੋ' ਤੇ ਕਲਿੱਕ ਕਰੋ

→ ਕੇਸਾਂ ਦੀ ਗਿਣਤੀ ਤੇ ਕਲਿੱਕ ਕਰੋ

→ ਪਾਰਟੀ ਦੇ ਨਾਂ ਨਾਲ ਕੇਸ ਨੰਬਰ ਦਰਸਾਇਆ ਗਿਆ ਹੈ

→ ਲੋੜੀਂਦੇ ਕੇਸ ਨੰਬਰ ਤੇ ਕਲਿੱਕ ਕਰੋ - ਕੇਸ ਹਿਸਟਰੀ ਪ੍ਰਦਰਸ਼ਤ ਹੋ ਜਾਵੇਗੀ।

**8.7 ਐਕਟ ਦੁਆਰਾ ਖੋਜ ਕਰੋ:**

**ਪਾਰਟੀ ਦੇ ਨਾਂ ਤੋਂ ਕੇਸ ਦੀ ਖੋਜ ਕਿਵੇਂ ਕਰਨੀ ਹੈ:**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ, ਜ਼ਿਲ੍ਹੇ ਦੀ ਚੋਣ ਕਰੋ


→ ਐਕਟ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਦੀ ਚੋਣ ਕਰੋ

→ ਐਕਟ ਦੀ ਖੋਜ ਕਰੋ

→ ਐਕਟ ਟਾਈਪ ਦੀ ਚੋਣ ਕਰੋ

→ ਸੈਕਸ਼ਨ ਦਰਜ ਕਰੋ → ਲੰਬਿਤ / ਨਿਪਟਾਰਾ ਕੀਤੇ ਗਏ ਕੇਸਾਂ ਲਈ ਰੇਡੀਓ



| |
|---|
| ਬਟਨ ਦੀ ਚੋਣ ਕਰੋ →'ਗੋ' ਤੇ ਕਲਿੱਕ ਕਰੋ ਫਿਰ ਐਕਟ ਕਿਸਮ ਨਾਲ ਕੇਸ ਪ੍ਰਦਰਸ਼ਿਤ ਹੁੰਦਾ ਹੈ। |
| |

**8.8 ਕੈਵੀਏਟ:**

ਇਹ ਕੈਵੀਏਟ ਖੋਜ ਅਕਸਰ ਖੋਜ ਕੀਤੇ ਗਏ ਵਿਕਲਪਾਂ ਵਿੱਚੋਂ ਇੱਕ ਹੈ। ਜਦੋਂ ਵੀ ਕੋਈ ਇਹ ਜਾਣਨਾ ਚਾਹੁੰਦਾ ਹੈ ਕਿ ਕੀ ਕਿਸੇ ਵਿਅਕਤੀ ਜਾਂ ਪ੍ਰਾਪਰਟੀ ਬਾਰੇ ਕਿਸੇ ਵਿਸ਼ੇਸ਼ ਅਦਾਲਤ ਵਿੱਚ ਕੋਈ ਕੈਵੀਏਟ ਵਿਚਾਰ ਅਧੀਨ ਹੈ ਤਾਂ ਇਸ ਕੈਵੀਏਟ ਖੋਜ ਵਿਕਲਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

| |
|---|
| ਕੈਵੀਏਟ ਦੀ ਖੋਜ ਕਿਵੇਂ ਕਰੀਏ: ਕੇਸ ਸਥਿਤੀ ਤੇ ਕਲਿੱਕ ਕਰੋ → ਰਾਜ, ਜ਼ਿਲ੍ਹੇ ਦੀ ਚੋਣ ਕਰੇ →ਕੈਵੀਏਟ ਵਿਕਲਪ ਤੇ ਕਲਿੱਕ ਕਰੋ →ਕੋਰਟ ਕੰਪਲੈਕਸ ਦੀ ਚੋਣ ਕਰੋ → ਸਰਚ ਟਾਈਪ ਦੀ ਚੋਣ ਕਰੋ → ਕੈਵੀਏਟਰ ਦਾ ਨਾਂ ਦਰਜ ਕਰੋ → ਕੈਵੀਏਟੀ ਦਾ ਨਾਂ ਦਰਜ ਕਰੋ ਤੇ ਗੋ ਤੇ ਕਲਿੱਕ ਕਰੋ ਫਿਰ ਕੈਵੀਏਟ ਖੋਜ ਵੇਰਵਿਆਂ ਨੂੰ ਦਿਖਾਇਆ ਜਾਵੇਗਾ → ਜਿਸ ਨੂੰ ਅੱਗੇ ਕਲਿੱਕ ਕੀਤਾ ਜਾ ਸਕਦਾ ਹੈ ਅਤੇ ਇਹ ਪੂਰੇ ਵੇਰਵੇ ਨੂੰ ਪ੍ਰਦਰਸ਼ਤ ਕਰੇਗਾ। |







## 8.9 ਪ੍ਰੀ-ਟ੍ਰਾਇਲ ਐਪਲੀਕੇਸ਼ਨ

ਇਹ ਵਿਕਲਪ ਆਉਣ ਵਾਲੇ ਸਮੇਂ ਵਿੱਚ ਮੋਬਾਇਲ ਐਪ ਵਿੱਚ ਸਭ ਤੋਂ ਵੱਧ ਵਰਤੇ ਜਾਣ ਵਾਲਾ ਅਤੇ ਬਹੁਤ ਸੰਤੋਖਜਨਕ ਵਿਕਲਪ ਹੋਵੇਗਾ। ਸ਼ੁਰੂਆਤੀ ਵਿਕਲਪ ਵਿੱਚ ਇਹ ਵਿਕਲਪ ਮੌਜੂਦ ਨਹੀਂ ਸੀ। ਪਰ ਬਹੁਤ ਸਾਰੀਆਂ ਮੰਗਾਂ ਸਨ ਕਿ ਕੀ ਅਸੀਂ ਮੋਬਾਇਲ ਐਪ ਦੇ ਤਹਿਤ ਜ਼ਮਾਨਤ, ਰਿਮਾਂਡ ਸਥਿਤੀ ਪ੍ਰਾਪਤ ਕਰ ਸਕਦੇ ਹਾਂ ਅਤੇ ਹੁਣ ਨਵੇਂ ਵਰਜ਼ਨ ਨੂੰ ਪ੍ਰੀ-ਟ੍ਰਾਇਲ ਐਪਲੀਕੇਸ਼ਨਾਂ ਜਿਵੇਂ ਕਿ ਰਿਮਾਂਡ ਵੇਰਵੇ / ਜ਼ਮਾਨਤ ਆਰਡਰ ਖੋਜਾਂ ਵਰਗੇ ਲਾਭਦਾਇਕ ਵਿਕਲਪਾਂ ਨਾਲ ਅਪਡੇਟ ਕੀਤਾ ਗਿਆ ਹੈ। ਜ਼ਰਾ ਸੋਚੋ ਕਿ ਤੁਸੀ ਆਪਣੇ ਹੈਂਡਸੇਟ ਦੇ ਇੱਕ ਕਲਿੱਕ ਨਾਲ ਰਿਮਾਂਡ ਵੇਰਵੇ / ਜਮਾਨਤ ਆਰਡਰ ਪ੍ਰਾਪਤ ਕਰ ਸਕਦੇ ਹੋ। ਇਹ ਇੱਕ ਵਧੀਆ ਵਿਕਲਪ ਹੈ। ਆਪਣੇ ਮੋਬਾਇਲ ਫੋਨ ਦੁਆਰਾ ਇਸ ਦੀ ਵਰਤੋਂ ਕਰੋ ।

## 8.9.1 ਜ਼ਮਾਨਤ ਦੀ ਸਥਿਤੀ ਕਿਵੇਂ ਜਾਣੀਏ:

**ਜ਼ਮਾਨਤ ਦੀ ਸਥਿਤੀ ਕਿਵੇਂ ਜਾਣੀਏ:**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ, ਜ਼ਿਲ੍ਹੇ ਦੀ ਚੋਣ ਕਰੋ

→ ਪ੍ਰੀ-ਟ੍ਰਾਇਲ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਦੀ ਚੋਣ ਕਰੋ

→ ਪੁਲਿਸ ਥਾਣੇ ਦੀ ਚੋਣ ਕਰੋ


→ ਐਫ.ਆਈ.ਆਰ. ਨੰਬਰ ਅਤੇ ਸਾਲ ਦਰਜ਼ ਕਰੋ

→ ਰੇਡੀਓ ਬਟਨ ਦੀ ਚੋਣ ਕਰੋ - ਜ਼ਮਾਨਤ

→ ਗੋ ਤੇ ਕਲਿੱਕ ਕਰੋ

→ ਕੇਸਾਂ ਦੀ ਕੁੱਲ ਗਿਣਤੀ ਤੇ ਕਲਿੱਕ ਕਰੋ

→ ਇਹ ਜ਼ਮਾਨਤ ਵੇਰਵੇ ਪ੍ਰਦਰਸ਼ਤ ਕਰਦਾ ਹੈ




| Bail Details | | | | | |
|---|---|---|---|---|---|
| Sr.No | Accused Name | Application Date | Status | Next/Disposed Date | Result |
| 1 | Joga Singh | 27/08/2020 | Disposed | 27/08/2020 | GRANTED |

### 8.9.2 ਰਿਮਾਂਡ ਦੀ ਸਥਿਤੀ ਕਿਵੇਂ ਜਾਣੀਏ

ਜੇਕਰ ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਜਾਂਦਾ ਹੈ ਅਤੇ ਉਹ ਜਾਣਨਾ ਚਾਹੁੰਦਾ ਹੈ ਕਿ ਕੀ ਉਸਦਾ ਰਿਮਾਂਡ ਪ੍ਰਾਪਤ ਹੋਇਆ ਹੈ ਜਾਂ ਨਹੀਂ, ਜੋ ਕਿ ਸਬੰਧਤ ਵਿਅਕਤੀ ਦੇ ਪਰਿਵਾਰ ਦੇ ਵਕੀਲ ਲਈ ਬਹੁਤ ਹੀ ਸੰਵੇਦਨਸ਼ੀਲ ਖੋਜ ਹੈ। ਉਹ ਐਫ.ਆਈ.ਆਰ. ਨੰਬਰ ਦੀ ਵਰਤੋਂ ਕਰਦਿਆਂ ਰਿਮਾਂਡ ਦੀ ਸਥਿਤੀ ਚੈਕ ਕਰ ਸਕਦੇ ਹਨ। ਉਦਾਹਰਣ: ਕੀ ਕਿਸੇ ਵਿਅਕਤੀ ਦਾ ਕਿਸੇ ਵਿਸ਼ੇਸ਼ ਪੁਲਿਸ ਥਾਣੇ ਦੇ ਐਫ.ਆਈ.ਆਰ.-ਨੰਬਰ 2672020 ਦੇ ਤਹਿਤ ਰਿਮਾਂਡ ਦੀ ਸਥਿਤੀ ਚੈਕ ਕਰ ਸਕਦੇ ਹਨ। ਉਦਾਹਰਣ: ਕੀ ਕਿਸੇ ਵਿਅਕਤੀ ਦਾ 2672020 ਦੇ ਤਹਿਤ ਰਿਮਾਂਡ ਪ੍ਰਾਪਤ ਕੀਤਾ ਗਿਆ ਹੈ। ਫਿਰ ਇਹ ਵਿਕਲਪ ਵਰਤੋਂ ਵਿੱਚ ਆਉਂਦਾ ਹੈ ਅਤੇ ਰਿਮਾਂਡ ਦੀ ਸਥਿਤੀ ਬਾਰੇ ਪਤਾ ਕਰਨ ਲਈ ਹੇਠਾਂ ਦਰਸਾਏ ਕਦਮਾਂ ਦੀ ਪਾਲਣਾ ਕਰੋ। ਰਿਮਾਂਡ ਦਾ ਨਤੀਜਾ ਰਿਮਾਂਡ ਦੀ ਕਿਸਮ ਨਾਲ ਦਰਸਾਇਆ ਜਾਵੇਗਾ, ਜਿਵੇਂ ਕਿ ਪੀ.ਸੀ.ਆਰ. ਪੁਲਿਸ ਹਿਰਾਸਤ ਰਿਮਾਂਡ, ਐਮ.ਸੀ.ਆਰ. ਮਜਿਸਟੀਰਿਅਲ ਹਿਰਾਸਤ ਰਿਮਾਂਡ।

**ਰਿਮਾਂਡ ਦੀ ਸਥਿਤੀ ਕਿਵੇਂ ਜਾਣੀਏ:**

→ ਕੇਸ ਸਥਿਤੀ ਤੇ ਕਲਿੱਕ ਕਰੋ

→ ਰਾਜ ਜ਼ਿਲ੍ਹੇ ਦੀ ਚੋਣ ਕਰੋ

→ ਪ੍ਰੀ-ਟ੍ਰਾਇਲ ਵਿਕਲਪ ਤੇ ਕਲਿੱਕ ਕਰੋ

→ ਕੋਰਟ ਕੰਪਲੈਕਸ ਦੀ ਚੋਣ ਕਰੋ

→ ਪੁਲਿਸ ਥਾਣੇ ਦੀ ਚੋਣ ਕਰੋ


→ ਐਫ.ਆਈ.ਆਰ. ਨੰਬਰ ਅਤੇ ਸਾਲ ਦਰਜ ਕਰੋ

→ ਰਿਮਾਂਡ ਅਤੇ ਰੇਡੀਓ ਬਟਨ ਤੇ ਕਲਿੱਕ ਕਰੋ

→ 'ਗੋ' ਤੇ ਕਲਿੱਕ ਕਰੋ

→ ਕੇਸਾਂ ਦੀ ਕੁੱਲ ਗਿਣਤੀ ਤੇ ਕਲਿੱਕ ਕਰੋ

→ ਇਹ ਰਿਮਾਂਡ ਦੇ ਵੇਰਵੇ ਪ੍ਰਦਰਸ਼ਤ ਕਰਦਾ ਹੈ




**Remand Details**

| Sr.No | Accused Name | Type | Days | From Date |
|---|---|---|---|---|
| 1 | Kashish @ Kannu | PCR | 2 | 07/09/2020 |
| 2 | Kashish @ Kannu | MCR | 14 | 09/09/2020 |
| 3 | Kashish @ Kannu | MCR | 14 | 23/09/2020 |

### 8.9.3. ਪ੍ਰੀ-ਟ੍ਰਾਇਲ-ਐਪਲੀਕੇਸ਼ਨ ਸਥਿਤੀ ਨੂੰ ਕਿਵੇਂ ਜਾਣੀਏ:

ਇੱਕ ਚੋਰੀ ਦੇ ਕੇਸ ਵਿੱਚ ਜੇਕਰ ਪ੍ਰਾਪਰਟੀ ਦੀ ਰਿਕਵਰੀ ਕੀਤੀ ਜਾਂਦੀ ਹੈ ਅਤੇ ਜਾਇਦਾਦ ਦਾ ਮਾਲਕ ਪ੍ਰੀ-ਟ੍ਰਾਇਲ ਸਟੇਜ ਤੇ ਜਾਇਦਾਦ ਦੀ ਅੰਤਰਿਮ ਕਸਟਡੀ ਲਈ ਅਰਜ਼ੀ ਦਾਇਰ ਕਰਦਾ ਹੈ, ਤਾਂ ਉਸ ਕਿਸਮ ਦੀ ਪ੍ਰੀ-ਟ੍ਰਾਇਲ ਐਪਲੀਕੇਸ਼ਨ ਸਥਿਤੀ

ਨੂੰ ਵੀ ਇਸ ਵਿਕਲਪ ਦੇ ਤਹਿਤ ਵੇਖਿਆ ਜਾ ਸਕਦਾ ਹੈ। ਪ੍ਰੀ-ਟ੍ਰਾਇਲ ਐਪਲੀਕੇਸ਼ਨ ਸਥਿਤੀ ਦਾ ਪਤਾ ਕਰਨ ਲਈ ਹੇਠਾਂ ਦਰਸਾਏ ਗਏ ਕਦਮਾਂ ਦੀ ਪਾਲਣਾਂ ਕਰੋ।

**ਪ੍ਰੀ ਟ੍ਰਾਇਲ ਸਥਿਤੀ ਬਾਰੇ ਕਿਵੇਂ ਜਾਣੀਏ:**

- → ਕੇਸ ਸਥਿਤੀ ਤੇ ਕਲਿੱਕ ਕਰੋ
- → ਰਾਜ, ਜ਼ਿਲ੍ਹੇ ਦੀ ਚੋਣ ਕਰੋ
- → ਪ੍ਰੀ-ਟ੍ਰਾਇਲ ਵਿਕਲਪ ਤੇ ਕਲਿੱਕ ਕਰੋ
- → ਕੋਰਟ ਕੰਪਲੈਕਸ ਦੀ ਚੋਣ ਕਰੋ
- → ਪੁਲਿਸ ਥਾਣੇ ਦੀ ਚੋਣ ਕਰੋ
- → ਸਾਲ ਦਰਜ ਕਰੋ
- → ਰੇਡੀਓ ਬਟਨ-ਐਪਲੀਕੇਸ਼ਨ ਦੀ ਚੋਣ ਕਰੋ
- → 'ਗੋ' ਤੇ ਕਲਿੱਕ ਕਰੋ
- → ਕੇਸਾਂ ਦੀ ਕੁੱਲ ਗਿਣਤੀ ਤੇ ਕਲਿੱਕ ਕਰੋ
- → ਇਹ ਐਪਲੀਕੇਸ਼ਨ ਦੀ ਸਥਿਤੀ ਪ੍ਰਦਰਸ਼ਤ ਕਰਦਾ ਹੈ







**9. ਈ-ਕੋਰਟਸ ਮੋਬਾਇਲ ਐਪ ਰਾਹੀਂ ਕਾਜ਼ ਲਿਸਟ ਪ੍ਰਾਪਤ ਕਰਨਾ:**

ਮੋਬਾਇਲ ਐਪ ਵਿੱਚ ਕਾਜ਼ ਲਿਸਟ ਪ੍ਰਾਪਤ ਕਰਨਾ ਵਕੀਲਾਂ, ਧਿਰਾਂ ਅਤੇ ਜੱਜਾਂ ਲਈ ਇੱਕ ਲਾਭਦਾਇਕ ਵਿਕਲਪ ਹੈ। ਤਿੰਨ ਕਿਸਮਾਂ ਦੀ ਕਾਜ਼ ਲਿਸਟ (i) ਕਿਸੇ ਵੀ ਅਦਾਲਤ ਦੀ ਸਿਵਲ ਕਾਜ਼ ਲਿਸਟ (ii) ਕਿਸੇ ਵੀ ਅਦਾਲਤ ਦੀ ਕਰੀਮਨਲ ਕਾਜ਼ ਲਿਸਟ (iii) ਵਕੀਲ ਅਨੁਸਾਰ ਕਾਜ਼ ਲਿਸਟ, ਸਾਰੀਆਂ ਹੀ ਈ-ਕੋਰਟਸ ਮੋਬਾਇਲ ਐਪ ਰਾਹੀਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

ਸਿਵਲ ਕਾਜ਼ ਲਿਸਟ ਅਤੇ ਕਰੀਮਨਲ ਕਾਜ਼ ਲਿਸਟ "ਕਾਜ਼ ਲਿਸਟ" ਵਿਕਲਪ ਰਾਹੀਂ ਵੇਖੀ ਜਾ ਸਕਦੀਆਂ ਹਨ। ਵਕੀਲ ਅਨੁਸਾਰ ਕਾਜ਼ ਲਿਸਟ ਨੂੰ ਕੇਸ ਸਿਥਿਤੀ ਦੀ ਖੋਜ ਤਹਿਤ ਉਪਲੱਬਧ ਐਡਵੋਕੇਟ ਵਿਕਲਪ ਦੇ ਜ਼ਰੀਏ ਵੇਖਿਆ ਜਾ ਸਕਦਾ ਹੈ, ਜਿਸਦਾ "ਕੇਸ ਸਥਿਤੀ ਵਿਕਲਪ ਦੁਆਰਾ ਖੋਜ ਕਰੋ" ਵਿਸ਼ੇ ਦੇ ਤਹਿਤ ਵਰਣਨ ਕੀਤਾ ਗਿਆ ਹੈ। ਕਾਜ਼ ਲਿਸਟ ਵਿਕਲਪ ਦੀ ਵਰਤੋਂ ਕਰਦਿਆਂ ਇਸ ਗੱਲ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ ਕਿ ਕੀ ਉਸਦਾ ਕੇਸ ਵਿਸ਼ੇਸ਼ ਦਿਨ ਤੇ ਪੋਸਟ ਕੀਤਾ ਗਿਆ ਹੈ ਕਿ ਨਹੀਂ। ਇਹ ਜੱਜਾਂ, ਸਟਾਫ਼, ਵਕੀਲਾਂ ਲਈ ਇੱਕ ਲਾਭਦਾਇਕ ਸਮਾਂ ਪ੍ਰਬੰਧਨ ਉਪਕਰਣ ਹੈ ਜਿਸ ਦੁਆਰਾ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਕਿਸੇ ਵਿਸ਼ੇਸ਼ ਦਿਨ ਨੂੰ ਕਿੰਨੇ ਕੇਸ ਸੂਚੀਬੱਧ ਹੁੰਦੇ ਹਨ ਅਤੇ ਦਿਨ ਦੇ ਕੰਮ ਬਾਰੇ ਯੋਜਨਾ ਬਣਾਈ ਜਾ ਸਕਦੀ ਹੈ, ਅਤੇ ਇਹ ਡਾਟਾ ਹੁਣ ਹੈਂਡਸੈਟਾਂ ਵਿੱਚ ਮੋਬਾਇਲ ਐਪ ਰਾਹੀਂ ਵੇਖਿਆ ਜਾ ਸਕਦਾ ਹੈ।




1 ਕਾਜ਼ ਲਿਸਟ ਆਈਕਨ ਤੇ ਕਲਿੱਕ ਕਰੋ

2 ਰਾਜ, ਜ਼ਿਲ੍ਹੇ ਦੀ ਚੋਣ ਕਰੋ

3 ਕੋਰਟ ਕੰਪਲੈਕਸ ਦੀ ਚੋਣ ਕਰੋ


4 ਕੋਰਟ ਦੇ ਨਾਂ ਦੀ ਚੋਣ ਕਰੋ

5 ਕੈਲੰਡਰ ਤੋਂ ਕਾਜ਼ ਲਿਸਟ ਮਿਤੀ ਦੀ ਚੋਣ ਕਰੋ

6 ਸਿਵਲ ਜਾਂ ਕਰੀਮਨਲ ਤੇ ਕਲਿੱਕ ਕਰੋ, ਫਿਰ ਸਿਵਲ ਕਰੀਮਨਲ ਕਾਜ਼ ਲਿਸਟ ਪ੍ਰਦਰਸ਼ਤ ਹੁੰਦੀ ਹੈ।

7 ਸਰਚ ਬਾਕਸ ਦੀ ਵਰਤੋਂ ਕਰਕੇ ਕਾਜ਼ ਲਿਸਟ ਵਿੱਚ ਖਾਸ ਕੇਸਾਂ ਦੀ ਖੋਜ ਕੀਤੀ ਜਾ ਸਕਦੀ ਹੈ।

**10. ਮਾਈ ਕੇਸਿਸ ਵਿਕਲਪ:**




ਮਾਈ ਕੇਸਿਸ ਵਿਕਲਪ ਵਕੀਲਾਂ ਅਤੇ ਧਿਰਾਂ ਲਈ ਸਭ ਤੋਂ ਆਕਰਸ਼ਕ ਅਤੇ ਲਾਭਦਾਇਕ ਵਿਕਲਪਾਂ ਵਿੱਚੋਂ ਇੱਕ ਹੈ ਕਿਉਂਕਿ ਇਹ ਇੱਕ ਡਿਜੀਟਲ ਨਿੱਜੀ ਕੇਸ ਡਾਇਰੀ ਦੇ ਰੂਪ ਵਿੱਚ ਕੰਮ ਕਰਦਾ ਹੈ। ਇਹ ਇੱਕ ਖਾਸ ਵਿਸ਼ੇਸ਼ਤਾ ਹੈ ਜੋ ਈ-ਕੋਰਟਸ ਐਪ ਵਿੱਚ ਉਪਲਬੱਧ ਹੈ। ਧਿਰਾਂ ਅਤੇ ਵਕੀਲ ਮਾਈ ਕੇਸਿਸ ਤਹਿਤ ਆਪਣੇ ਕੇਸਾਂ ਨੂੰ ਸੇਵ ਅਤੇ ਸਟੋਰ ਕਰ ਸਕਦੇ ਹਨ ਅਤੇ ਲੋੜ ਪੈਣ ਤੇ ਵੇਰਵਿਆਂ ਨੂੰ ਵੇਖ ਸਕਦੇ ਹਨ।




**10.1. ਮਾਈ ਕੇਸਿਸ ਵਿੱਚ ਕੇਸਾਂ ਨੂੰ ਕਿਵੇਂ ਸ਼ਾਮਲ ਕਰੀਏ:**

ਜੇ ਤੁਸੀਂ ਕੇਸਾਂ ਨੂੰ "ਮਾਈ ਕੇਸਿਸ" ਦੀ ਸੂਚੀ ਵਿੱਚ ਸ਼ਾਮਲ ਕਰਨਾ ਚਾਹੁੰਦੇ

ਹੋ ਤਾਂ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ

**ਕਦਮ 1**: ਉਸ ਕੇਸ ਦੀ ਖੋਜ ਕਰੋ ਜਿਸ ਨੂੰ ਤੁਸੀਂ ਈ-ਕੋਰਟਸ ਮੋਬਾਇਲ ਐਪ ਦੀ ਵਰਤੋਂ ਕਰਦਿਆਂ ਮਾਈ ਕੇਸਿਸ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ।

**ਕਦਮ 2:** "ਐਡ ਕੇਸਿਸ" ਬਟਨ ਖੋਜ ਕੀਤੇ ਗਏ ਕੇਸ ਦੀ ਹਿਸਟਰੀ ਦੇ ਉਪਰਲੇ ਸੱਜੇ ਪਾਸੇ ਦਿਖਾਈ ਦੇਵੇਗਾ, ਜਿਵੇਂ ਕਿ ਇੱਥੇ ਸਕ੍ਰੀਨਸ਼ਾਟ ਵਿੱਚ ਦਿਖਾਇਆ ਗਿਆ ਹੈ।

**ਕਦਮ 3**: "ਐਡ ਕੇਸਿਸ" ਤੇ ਕਲਿੱਕ ਕਰੋ ਜੋ ਕੇਸ ਨੂੰ ਤੁਹਾਡੀ "ਮਾਈ ਕੇਸਿਸ ਲਿਸਟ" ਵਿੱਚ ਸ਼ਾਮਲ ਕਰ ਦੇਵੇਗਾ।

ਇੱਕ ਵਕੀਲ ਜਾ ਵਕੀਲ ਦਾ ਕਲੱਰਕ ਆਪਣੇ ਦਫ਼ਤਰ ਦੇ ਸਾਰੇ ਕੇਸਾਂ ਨੂੰ "ਮਾਈ ਕੇਸਿਸ" ਵਿੱਚ ਸ਼ਾਮਲ ਕਰ ਸਕਦਾ ਹੈ ਅਤੇ ਆਪਣੇ ਦਫ਼ਤਰ ਦੇ ਕੇਸਾਂ ਦੀ ਡਿਜ਼ੀਟਲ ਡਾਇਰੀ ਬਣਾ ਸਕਦਾ ਹੈ ਅਤੇ "ਮਾਈ ਕੇਸਿਸ" ਵਿਕਲਪ ਦੀ ਵਰਤੋਂ ਕਰਦਿਆਂ ਕੇਸਾਂ ਦੀ ਅਪਡੇਟ ਅਤੇ ਸਥਿਤੀ ਪ੍ਰਾਪਤ ਕਰ ਸਕਦਾ ਹੈ। ਇੱਕ ਸੀਨੀਅਰ ਵਕੀਲ ਇੱਕਲੇ ਮਹੱਤਵਪੂਰਨ ਕੇਸਾਂ ਨੂੰ ਸ਼ਾਮਲ ਕਰ ਸਕਦਾ ਹੈ ਅਤੇ ਬਿਨਾਂ ਕਿਸੇ ਜੂਨੀਅਰ ਜਾਂ ਕਲੱਰਕ ਦੀ ਮਦਦ ਤੋਂ ਕੇਸ ਦੀ ਸਥਿਤੀ ਤੇ ਨਜ਼ਰ ਰੱਖ ਸਕਦਾ ਹੈ ਅਤੇ ਕੇਸ ਦੀ ਸਥਿਤੀ 24x7 ਦੇਖ ਸਕਦਾ ਹੈ। "ਮਾਈ ਕੇਸਿਸ" ਵਿਕਲਪ ਦੇ ਤਹਿਤ ਇੱਕ ਧਿਰ ਆਪਣੇ ਕੇਸਾਂ ਨੂੰ ਸ਼ਾਮਲ ਕਰ ਸਕਦੀ ਹੈ। ਇਸੇ ਤਰ੍ਹਾਂ, ਵਕੀਲ, ਕੋਰਟ ਪੁਲਿਸ ਕਾਂਸਟੇਬਲ, ਜਾਂਚ ਅਧਿਕਾਰੀ, ਸਰਕਾਰੀ ਵਕੀਲ ਵੀ "ਮਾਈ ਕੇਸਿਸ" ਵਿਕਲਪ ਦੀ ਵਰਤੋਂ ਕਰ ਸਕਦੇ ਹਨ ਅਤੇ 24x7 ਨਜ਼ਰ ਰੱਖ ਸਕਦੇ ਹਨ।

## 10.2. ਮਾਈ ਕੇਸਿਸ ਤੋਂ ਕੇਸਾਂ ਨੂੰ ਹਟਾਉਣ ਲਈ:

ਮਾਈ ਕੇਸਿਸ ਤੋਂ ਕੇਸਾਂ ਨੂੰ ਹਟਾਉਣ ਲਈ, "ਮਾਈ ਕੇਸਿਸ" ਤਹਿਤ ਕੇਸਾਂ ਨੂੰ ਖੋਲ੍ਹਣਾ ਚਾਹੀਦਾ ਹੈ, ਫਿਰ ਇਹ ਸਕ੍ਰੀਨਸ਼ਾਟ ਵਿੱਚ ਦਰਸਾਏ ਅਨੁਸਾਰ ਉੱਤੇ ਸੱਜੇ ਪਾਸੇ "ਰਿਮੂਵ ਕੇਸਿਸ" ਵਿਕਲਪ ਦਿਖਾਏਗਾ।



ਜੇਕਰ ਰਿਮੂਵ ਕੇਸਿਸ ਤੇ ਕਲਿੱਕ ਕੀਤਾ ਜਾਂਦਾ ਹੈ, ਤਾਂ ਇਹ ਕੇਸ ਨੂੰ ਮਾਈ ਕੇਸਿਸ ਲਿਸਟ ਤੋਂ ਹਟਾ ਦੇਵੇਗਾ।

## 10.3. ਮਾਈ ਕੇਸਿਸ ਵਿੱਚ ਖੋਜ ਕਰੋ:




ਜਦੋਂ ਕਿਸੇ ਦੇ "ਮਾਈ ਕੇਸਿਸ" ਦੇ ਅਧੀਨ ਕਈ ਕੇਸ ਹੁੰਦੇ ਹਨ ਤਾਂ ਇਸ ਖੋਜ ਵਿਕਲਪ ਦੀ ਵਰਤੋਂ ਕਰਦਿਆਂ "ਮਾਈ ਕੇਸਿਸ" ਤਹਿਤ ਖੋਜ ਕੀਤੀ ਜਾ ਸਕਦੀ ਹੈ ਤਾਂ ਤੁਸੀਂ ਆਪਣੇ ਕੇਸਾਂ ਨੂੰ ਨਾਂ ਦੇ ਅਨੁਸਾਰ, ਨੰਬਰ ਅਨੁਸਾਰ, ਸਰਚ ਟੈਬ ਵਿੱਚ ਟਾਈਪ ਕਰਕੇ ਖੋਜ਼ ਸਕਦੇ ਹੋ ਜਿਵੇਂ ਕਿ ਇੱਥੇ ਸਕ੍ਰੀਨ ਸ਼ਾਟ ਵਿੱਚ ਦਰਸਾਇਆ ਗਿਆ ਹੈ।

## 10.4. ਰੀਫਰੈਸ਼ ਬਟਨ:





ਰਿਫਰੈਸ਼ ਬਟਨ ਜੇ ਕਲਿੱਕ ਕੀਤਾ ਜਾਂਦਾ ਹੈ ਤਾਂ "ਮਾਈ ਕੇਸਿਸ" ਨੂੰ ਅਪਡੇਟ ਕਰੇਗਾ। ਰਿਫਰੈਸ਼ ਬਟਨ ਨੂੰ ਮਾਈ ਕੇਸਿਸ ਤਹਿਤ ਪ੍ਰਾਪਤ ਕੀਤੀ ਗਈ ਜਾਣਕਾਰੀ ਨੂੰ ਅਪਡੇਟ ਕਰਨ ਲਈ ਟੂਡੇਜ਼ ਕੇਸਿਸ ਦੇ ਨਾਲ ਲੱਗਦੇ ਬਟਨ ਨਾਲ ਦਿੱਤਾ ਗਿਆ ਹੈ। ਜੇਕਰ ਇੰਟਰਨੈਟ ਕੁਨੈਕਸ਼ਨ ਦੇ ਕਾਰਨ ਕਿਸੇ ਕੇਸ ਨੂੰ ਅਪਡੇਟ ਜਾਂ ਰਿਫ਼ਰੈਸ਼ ਨਹੀਂ ਕੀਤਾ ਜਾਂਦਾ ਹੈ, ਤਾਂ ਐਪ ਇਸ ਜਾਣਕਾਰੀ ਨੂੰ "ਕੁਨੈਕਸ਼ਨ ਐਰਰ" ਵਜੋਂ ਦਰਸਾਏਗਾ।

## 10.5 ਮਾਈ ਕੇਸਿਸ -ਮਿਤੀ ਵਾਰ / ਜ਼ਿਲ੍ਹਾ ਵਾਰ ਡਿਸਪਲੇ ਵਿਕਲਪ:

ਈ-ਕੋਰਟਸ ਮੋਬਾਇਲ ਐਪ ਦਾ ਅਪਡੇਟ ਕੀਤਾ ਵਰਜ਼ਨ ਮਾਈ ਕੇਸਿਸ ਦੀ ਡਿਸਪਲੇ ਨਾਲ ਮਿਤੀ ਵਾਰ ਅਤੇ ਜ਼ਿਲ੍ਹਾ


ਵਾਰ ਆਉਂਦਾ ਹੈ। ਉਦਾਹਰਣ ਦੇ ਲਈ, ਜਦੋਂ ਤੁਸੀਂ ਮਿਤੀ ਵਾਰ ਵਿਕਲਪ ਤੇ ਕਲਿੱਕ ਕਰਦੇ ਹੋ, ਤਾਂ ਇਹ ਸਾਰੇ ਕੇਸਾਂ ਨੂੰ ਮਿਤੀ ਵਾਰ ਪ੍ਰਦਰਸ਼ਤ ਕਰੇਗਾ। ਇਹ ਕਿਸੇ ਵਕੀਲ ਜਾਂ ਵਕੀਲ ਦੇ ਕਲੱਰਕ ਲਈ ਸੌਖਾ ਹੋਵੇਗਾ ਕਿਉਂਕਿ ਇਹ ਉਨ੍ਹਾਂ ਦੇ ਕੇਸਾਂ ਦੀ ਇੱਕ ਡਿਜੀਟਲ ਡਾਇਰੀ ਹੈ। ਇਸੇ ਤਰ੍ਹਾਂ, ਜ਼ਿਲ੍ਹਾ ਵਾਰ ਦੇਖਣ ਦਾ ਵਿਕਲਪ ਵੀ ਉਪਲੱਬਧ ਹੈ। ਇੱਥੇ ਮਿਤੀ ਵਾਰ ਅਤੇ ਜ਼ਿਲ੍ਹਾ ਵਾਰ ਸਕ੍ਰੀਨਸ਼ਾਟ ਦਿਖਾਇਆ ਗਿਆ ਹੈ, ਅਤੇ ਜਦੋਂ ਕੇਸ ਨੰਬਰ ਤੇ ਕਲਿੱਕ ਕੀਤਾ ਜਾਂਦਾ ਹੈ, ਤਾਂ ਇਹ ਮਾਈ ਕੇਸਿਸ ਵਿੱਚ ਕੇਸਿਸ ਸਰਚ ਵਿਕਲਪ ਵਿੱਚ ਪੂਰੇ ਕੇਸ ਦੀ ਹਿਸਟਰੀ ਦੱਸੇਗਾ।



## 10.6.ਕੈਲੰਡਰ:

ਕੈਲੰਡਰ ਦੇ ਟੈਬ ਵਿੱਚ ਕੋਈ ਵੀ "ਮਾਈ ਕੇਸਿਸ" ਅਧੀਨ ਕੈਲੰਡਰ ਦੇ ਫਾਰਮੈਟ ਵਿੱਚ ਸਟੋਰ ਕੀਤੇ ਗਏ ਕੇਸਾਂ ਨੂੰ ਵੇਖ ਸਕਦਾ ਹੈ। ਇਹ ਮਿਤੀ ਵਾਰ ਲੰਬਿਤ ਮਾਮਲਿਆਂ ਦੀ ਗਿਣਤੀ ਦਰਸਾਵੇਗਾ। ਮਿਤੀ ਵਿੱਚ ਨੰਬਰ ਤੇ ਕਲਿੱਕ ਕਰਨ ਨਾਲ ਇਹ ਜਿਲ੍ਹੇ ਵਾਰ ਲੰਬਿਤ ਪਏ ਕੇਸ ਦੇ ਵੇਰਵਿਆਂ ਦੀ ਜਾਣਕਾਰੀ ਦੇਵੇਗਾ। ਉਦਾਹਰਣ: **4** ਸਤੰਬਰ ਨੂੰ ਕੈਲੰਡਰ ਵਿੱਚ **3** ਕੇਸ ਦਰਸਾਏ ਗਏ ਹਨ ਅਤੇ ਜੇਕਰ ਇਸ ਤੇ ਕਲਿੱਕ ਕੀਤਾ ਜਾਂਦਾ ਹੈ ਤਾਂ ਇਹ ਜ਼ਿਲ੍ਹਾ ਵਾਰ ਦਿਖਾਏਗਾ ਜਿੱਥੇ **3** ਕੇਸ ਲੰਬਿਤ ਹਨ। ਇਸ ਨੂੰ ਅਹਿਮਦਾਬਾਦ, ਗੁਜਰਾਤ **(1)** ਬਰਪੇਟਾ, ਅਸਮ **(1)** ਭਾਵਨਗਰ, ਗੁਜਰਾਤ ਵਜੋਂ ਦਿਖਾਇਆ ਗਿਆ ਹੈ। ਅਹਿਮਦਾਬਾਦ, ਗੁਜਰਾਤ ਤੇ ਕਲਿੱਕ ਕਰੋ **(1)** ਇਹ ਕੇਸ ਵੇਰਵਾ ਦਿਖਾਏਗਾ ਜਿਵੇਂ ਕਿ ਇੱਥੇ ਸਕ੍ਰੀਨਸ਼ਾਟ ਵਿੱਚ ਦਿਖਾਇਆ ਗਿਆ ਹੈ।




## 11. ਬੈਕਅਪ ਸਹੂਲਤ:


ਈ-ਕੋਰਟਸ ਮੋਬਾਇਲ ਇੱਕ ਬੈਕਅਪ ਸਹੂਲਤ ਪ੍ਰਦਾਨ ਕਰਦਾ ਹੈ ਜਿਸਦੀ ਈ-ਕੋਰਟਸ ਐਪ ਦੀ ਵਿਸ਼ੇਸ਼ਤਾ ਤੋਂ ਬਾਅਦ ਸਭ ਤੋਂ ਵੱਧ ਮੰਗ ਕੀਤੀ ਜਾਂਦੀ ਹੈ। ਕੋਈ ਵੀ ਐਕਸਪੋਰਟ ਅਤੇ ਇੰਪੋਰਟ ਵਿਕਲਪ ਦੇ ਤਹਿਤ ਮੋਬਾਇਲ ਉਪਕਰਣ ਤੇ ਸੇਵ ਰੱਖੇ ਕੇਸਾਂ ਦਾ ਬੈਕਅਪ ਲੈ ਸਕਦਾ ਹੈ। ਜੇ ਤੁਸੀਂ ਆਪਣੇ ਮੋਬਾਇਲ ਐਪ ਵਿੱਚ ਬਹੁਤ ਸਾਰੇ ਕੇਸਾਂ ਨੂੰ ਸੇਵ ਕੀਤਾ ਹੈ ਅਤੇ ਜੇ ਤੁਸੀ ਨਵਾਂ ਮੋਬਾਇਲ ਫੋਨ ਲੈਂਦੇ ਹੋ ਤਾਂ ਇਸ ਐਕਸਪੋਰਟ ਅਤੇ ਇੰਪੋਰਟ ਵਿਕਲਪ ਦੀ ਵਰਤੋਂ ਕੀਤੀ ਜਾ




ਸਕਦੀ ਹੈ ਅਤੇ ਨਵੇਂ ਮੋਬਾਇਲ ਫੋਨ ਤੇ ਡਾਊਨਲੋਡ ਕੀਤੀ ਜਾ ਸਕਦੀ ਹੈ।

ਮੀਨੂ ਬਟਨ ਨੂੰ ਕਲਿੱਕ ਕਰਕੇ, ਇਹ ਬੈਕਅਪ ਵਿਕਲਪ ਪਹੁੰਚਯੋਗ ਹੈ। ਜਦੋਂ ਤੁਸੀਂ ਉਕਤ ਮੀਨੂ ਬਟਨ ਤੇ ਕਲਿੱਕ ਕਰਦੇ ਹੋ, ਤਾਂ ਮੀਨੂ ਅਧੀਨ ਐਕਸਪੋਰਟ ਅਤੇ ਇੰਪੋਰਟ ਵਿਕਲਪ ਉਪਲੱਬਧ ਹਨ ਜਿਨ੍ਹਾਂ ਨੂੰ ਹਵਾਲੇ ਲਈ ਇਸ ਨਾਲ ਇੱਥੇ ਸਕ੍ਰੀਨਸ਼ਾਟ ਵਿੱਚ ਦਰਸਾਇਆ ਗਿਆ ਹੈ। ਘੱਟੋ-ਘੱਟ ਇੱਕ ਵਾਰ ਐਕਸਪੋਰਟ ਕਰਨਾ ਜ਼ਰੂਰੀ ਹੈ ਅਤੇ ਡਾਟਾ ਨੂੰ ਮੋਬਾਇਲ ਜਾਂ ਗੂਗਲ ਡ੍ਰਾਈਵ ਵਿੱਚ ਜਾਂ ਈ-ਮੇਲ ਵਿੱਚ ਨਿਯਮਤ ਤੌਰ ਤੇ ਰੱਖਣਾ ਜ਼ਰੂਰੀ ਹੈ। ਤਾਂਹੀ ਜਦੋਂ ਲੋੜ ਪਵੇ ਜੇਕਰ ਤੁਹਾਡੇ ਕੋਲ ਐਕਸਪੋਰਟ ਕੀਤਾ ਗਿਆ ਡਾਟਾ ਹੈ, ਇਸ ਨੂੰ ਇੰਪੋਰਟ ਕੀਤਾ ਜਾ ਸਕਦਾ ਹੈ, ਉਦਾਹਰਣ ਵਜੋਂ, ਮੋਬਾਇਲ ਫੋਨ ਜਾਂ ਦੁਰਘਟਨਾ ਵਜੋਂ ਡਾਟਾ ਦਾ ਨੁਕਸਾਨ ਹੋਣ ਤੇ ਕੋਈ ਵੀ ਇੰਪੋਰਟ ਵਿਕਲਪ ਦੀ ਵਰਤੋਂ ਕਰ ਸਕਦਾ ਹੈ। ਜਦੋਂ ਤੱਕ ਤੁਸੀਂ ਆਪਣੇ ਡਾਟਾ ਨੂੰ ਐਕਸਪੋਰਟ ਨਹੀਂ ਕੀਤਾ, ਤੁਸੀਂ ਇਸ ਨੂੰ ਇੰਪੋਰਟ ਲਈ ਨਹੀਂ ਵਰਤ ਸਕਦੇ। ਇਸ ਲਈ ਡਾਟਾ ਨੂੰ ਐਕਸਪੋਰਟ ਕਰਨਾ ਨਾ ਭੁੱਲੋ ਤਾਂਕਿ ਲੋੜ ਪੈਣ ਤੇ ਇਸਦੀ ਵਰਤੋਂ ਕੀਤੀ ਜਾ ਸਕੇ।

## 11.1 ਐਕਸਪੋਰਟ ਵਿਕਲਪ





ਮੋਬਾਇਲ ਐਪ ਵਿੱਚ ਮੀਨੂ ਲਿਸਟ ਦੇ ਤਹਿਤ ਐਕਸਪੋਰਟ ਵਿਕਲਪ ਉਪਲਬੱਧ ਹੈ। ਜੇਕਰ ਐਕਸਪੋਰਟ ਵਿਕਲਪ ਤੇ ਕਲਿੱਕ ਕੀਤਾ ਜਾਂਦਾ ਹੈ, ਤਾਂ ਇਸ ਨਾਲ ਈ-ਮੇਲ, ਗੂਗਲ ਡ੍ਰਾਈਵ ਜਾਂ ਆਪਣੇ ਫੋਨ ਵਿੱਚ ਫਾਈਲਾਂ ਸਟੋਰ ਕਰ ਸਕਦੇ ਹੋ। ਗੂਗਲ ਡ੍ਰਾਈਵ ਤੇ ਸਟੋਰ ਕਰਦੇ ਹੋਏ, ਗੂਗਲ ਸੁਰੱਖਿਆ ਦੇ ਉਦੇਸ਼ ਨਾਲ ਪ੍ਰਸ਼ਨ ਪੁੱਛ ਸਕਦਾ ਹੈ, ਅਤੇ ਤੁਸੀ ਐਡਮਿਟ ਤੇ ਕਲਿੱਕ ਕਰ ਸਕਦੇ ਹੋ ਜਿੱਥੇ ਬੈਕਅਪ, ਗੂਗਲ ਡ੍ਰਾਈਵ ਵਿੱਚ ਸਟੋਰ ਕੀਤਾ ਜਾਵੇਗਾ। ਜਦੋਂ ਵੀ ਲੋੜ ਹੋਵੇ, ਬੈਕਅਪ ਗੂਗਲ ਡ੍ਰਾਈਵ ਤੋਂ ਲਿਆ ਜਾ ਸਕਦਾ ਹੈ।




ਫਾਈਲਾਂ ਨੂੰ ਐਕਸਪੋਰਟ ਕਰਨ ਲਈ ਉਕਤ ਤਿੰਨ ਵਿਕਲਪ, ਭਾਵ (i) ਈ-ਮੇਲ; (ii) ਡ੍ਰਾਈਵ (ਗੂਗਲ) ਵਿੱਚ ਸੁਰੱਖਿਅਤ ਰੱਖਣਾ ; (iii) ਇਸ ਉਪਕਰਣ ਵਿੱਚ ਸੁੱਰਖਿਅਤ ਰੱਖਣਾ, ਭਾਵ ਮੋਬਾਇਲ ਫੋਨ ਵਿੱਚ ਸੁੱਰਖਿਅਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਸਮਝ ਲਈ ਸਕ੍ਰੀਨਸ਼ਾਟ ਵਿੱਚ ਦਿਖਾਇਆ ਗਿਆ ਹੈ। ਤਿੰਨ ਵਿਕਲਪਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਕੇ, ਤੁਸੀਂ ਆਪਣੀ ਮੋਬਾਇਲ ਐਪਲੀਕੇਸ਼ਨ ਦੇ ਸਟੋਰ ਕੀਤੇ ਡਾਟਾ ਨੂੰ ਐਕਸਪੋਰਟ ਕਰ ਸਕਦੇ ਹੋ ਅਤੇ ਇਸ ਨੂੰ ਟੈਕਸਟ ਫਾਈਲ ਫਾਰਮੈਟ ਵਿੱਚ ਸੁਰੱਖਿਅਤ ਰੱਖ ਸਕਦੇ ਹੋ। ਇੱਕ ਵਾਰ ਐਕਸਪੋਰਟ ਹੋ ਜਾਣ ਤੋਂ ਬਾਅਦ, ਤੁਹਾਨੂੰ ਮੋਬਾਇਲ ਵਿੱਚ ਇੱਕ ਚੇਤਾਵਨੀ ਮਿਲੇਗੀ ਜਿਵੇਂ ਕਿ ਇਸਦੇ ਨਾਲ ਦਿਖਾਇਆ ਗਿਆ ਹੈ। ਉਕਤ ਟੈਕਸਟ ਫਾਈਲ ਮੋਬਾਇਲ ਸਟੋਰੇਜ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 11.2. ਪੋਰਟ ਵਿਕਲਪ:

ਈ-ਕੋਰਟਸ ਮੋਬਾਇਲ ਐਪ ਉਪਭੋਗਤਾ ਦੁਆਰਾ ਸਭ ਤੋਂ ਵੱਧ ਮੰਗ ਕੀਤੇ ਜਾਣ ਵਾਲੀ ਵਿਸ਼ੇਸ਼ਤਾ ਹੈ। ਜੇ ਤੁਸੀਂ ਆਪਣਾ ਫੋਨ ਬਦਲਣ ਜਾ ਰਹੇ ਹੋ ਜਾਂ ਜਦੋਂ ਤੁਹਾਡੇ ਫੋਨ ਦਾ ਡਾਟਾ ਕ੍ਰੈਸ਼ ਹੋ ਜਾਂਦਾ ਹੈ, ਤਾਂ ਕੀ ਕਰਨਾ ਹੈ? ਫਿਰ ਇਹ ਇੰਪੋਰਟ ਵਿਕਲਪ ਲਾਭਕਾਰੀ ਹੈ। ਤੁਸੀਂ ਇਸ ਇੰਪੋਰਟ ਵਿਕਲਪ ਦੀ ਵਰਤੋਂ ਕਰ ਸਕਦੇ ਹੋ ਅਤੇ ਆਪਣੇ ਨਵੇਂ ਫੋਨ ਵਿੱਚ ਬੈਕਅਪ ਡਾਟਾ ਪ੍ਰਾਪਤ ਕਰ ਸਕਦੇ ਹੋ। ਜਦੋਂ ਡਾਟਾ ਨੂੰ ਗਲਤੀ ਨਾਲ ਫੋਨ ਤੋਂ ਹਟਾ ਦਿੱਤਾ ਜਾਂਦਾ ਹੈ,ਤਾਂ ਕੋਈ ਵੀ ਇਸ ਇੰਪੋਰਟ ਵਿਕਲਪ ਦੀ ਵਰਤੋਂ ਕਰ ਸਕਦਾ ਹੈ ਅਤੇ ਡਾਟਾ ਨੂੰ ਮੁੜ ਪ੍ਰਾਪਤ ਕਰ ਸਕਦਾ ਹੈ।




ਤੁਸੀਂ ਇੰਪੋਰਟ ਆਈਕਨ ਤੇ ਕਲਿੱਕ ਕਰ ਸਕਦੇ ਹੋ ਅਤੇ ਦੋ ਵਿਕਲਪਾਂ ਤੋਂ ਡਾਟਾ ਇੰਪੋਰਟ ਕਰ ਸਕਦੇ ਹੋ:

(i) ਡ੍ਰਾਈਵ ਤੋਂ ਇੰਪੋਰਟ ਕਰੋ ਅਤੇ

(ii) ਇਸ ਉਪਕਰਣ ਤੋਂ ਇੰਪੋਰਟ ਕਰੋ

ਇਸ ਨਾਲ ਜੁੜੇ ਸਕ੍ਰੀਨਸ਼ਾਟਾਂ ਵਿੱਚ "ਇੰਪੋਰਟ ਫਾਰਮ" ਤਹਿਤ ਦੋ ਵਿਕਲਪ ਦਿਖਾਉਂਦੇ ਹੋਏ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਘੱਟੋ-ਘੱਟ ਇੱਕ ਵਾਰ ਜਦੋਂ ਤੁਸੀਂ ਗੂਗਲ ਡ੍ਰਾਈਵ ਤੋਂ ਬੈਕਅਪ ਡਾਟਾ ਇੰਪੋਰਟ ਕਰਦੇ ਹੋ, ਤਾਂ ਗੂਗਲ ਡ੍ਰਾਈਵ ਇਜ਼ਾਜਤ ਮੰਗੇਗੀ ਅਤੇ ਤੁਸੀਂ ਡਾਟਾ ਇੰਪੋਰਟ ਕਰਨ ਲਈ ਬਟਨ ਤੇ ਕਲਿੱਕ ਕਰ ਸਕਦੇ ਹੋ। ਉਕਤ ਸਕ੍ਰੀਨਸ਼ਾਟ

ਵੀ ਇਸ ਨਾਲ ਜੁੜਿਆ ਹੋਇਆ ਹੈ। ਇੱਕ ਵਾਰ ਜਦੋਂ ਇੰਪੋਰਟ ਵਿਕਲਪ ਪੂਰਾ ਹੋ ਜਾਂਦਾ ਹੈ, ਤਾਂ ਤੁਹਾਨੂੰ ਚੇਤਾਵਨੀ ਸੰਦੇਸ਼ "ਕੇਸ ਸਫਲਤਾਪੂਰਵਕ ਇੰਪੋਰਟ ਹੋ ਗਏ" ਮਿਲੇਗਾ। ਇਸ ਤਰ੍ਹਾਂ, ਤੁਸੀਂ ਇੰਪੋਰਟ ਵਿਕਲਪ ਦੀ ਵਰਤੋਂ ਕਰ ਸਕਦੇ ਹੋ ਅਤੇ ਆਪਣੇ ਨਵੇਂ ਮੋਬਾਇਲ ਫੋਨ ਵਿੱਚ ਬੈਕਅਪ ਡਾਟਾ ਪ੍ਰਾਪਤ ਕਰ ਸਕਦੇ ਹੋ ਜਾਂ ਆਪਣੇ ਪੁਰਾਣੇ ਮੋਬਾਇਲ ਫੋਨ ਤੋਂ ਬੈਕਅਪ ਡਾਟਾ ਮੁੜ ਪ੍ਰਾਪਤ ਕਰ ਸਕਦੇ ਹੋ।

**12. ਕਯੂ.ਆਰ. ਕੋਡ ਦੀ ਵਰਤੋਂ ਕਰਦਿਆਂ ਕੇਸ ਸਥਿਤੀ ਪ੍ਰਾਪਤ ਕਰਨੀ:**


ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ ਦੀ ਵਰਤੋਂ ਕਰਦਿਆਂ ਹਰ ਸਮੇਂ ਕੇਸ ਸਥਿਤੀ ਪਤਾ ਕਰਨ ਜਾਂ ਕੇਸ ਨੰਬਰ ਰਿਕਾਰਡ (ਸੀ.ਐਨ.ਆਰ) ਨੰਬਰ ਟਾਈਪ ਕਰਨ ਵਿੱਚ ਜਾਂ ਹਰ ਵੇਲੇ ਜਦੋਂ ਤੁਸੀਂ ਕੇਸ ਦੀਆਂ ਅਪਡੇਟਾਂ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕੇਸ ਦੇ ਵੇਰਵੇ ਟਾਈਪ ਕਰਨ ਵਿੱਚ ਮੁਸ਼ਕਲ ਹੋ ਸਕਦੀ ਹੈ। ਈ-ਕੋਰਟਸ ਮੋਬਾਇਲ ਐਪ ਵਿੱਚ ਕਯੂ.ਆਰ. ਕੋਡ ਸਕੈਨ ਵਿਕਲਪ ਦੀ ਵਰਤੋਂ ਕੇਸ ਵੇਰਵੇ ਪ੍ਰਾਪਤ ਕਰਨ ਦਾ ਹੋਰ ਦੂਜਾ ਆਸਾਨ ਤਰੀਕਾ ਹੈ।

**12.1 ਕਦਮ**: 1: **ਆਪਣੇ ਕੇਸ ਦਾ ਕਯੂ.ਆਰ. ਕੋਡ ਪ੍ਰਾਪਤ ਕਰਨਾ**:

ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪਲੀਕੇਸ਼ਨਾਂ ਤੋਂ ਕੇਸ ਹਿਸਟਰੀ ਦੇ ਤਹਿਤ ਆਪਣੇ ਕੇਸ ਲਈ ਕਯੂ ਆਰ ਕੋਡ ਪ੍ਰਾਪਤ ਕਰੋ। (ਜਾਂ) ਈ-ਕੋਰਟਸ ਸਰਵਿਸਿਜ਼ ਵੈਬਸਾਈਟ https://e-Courts.gov.in ਤੋਂ ਵੀ ਕੇਸ ਹਿਸਟਰੀ ਦੇ ਤਹਿਤ ਆਪਣੇ ਕੇਸ ਲਈ ਕਯੂ ਆਰ ਕੋਡ ਪ੍ਰਾਪਤ ਕਰੋ।

**12.2 ਕਦਮ** 2: **ਕਯੂ ਆਰ ਕੋਡ ਦਾ ਪ੍ਰਿੰਟ ਲਓ ਅਤੇ ਕੇਸ ਡਾਕੇਟ ਵਿੱਚ ਪੇਸਟ ਕਰੋ**:

ਕੋਈ ਵੀ ਵਿਅਕਤੀ ਕਯੂ ਆਰ ਕੋਡ ਦਾ ਪ੍ਰਿੰਟ ਲੈ ਸਕਦਾ ਹੈ ਅਤੇ ਕੇਸ ਫਾਈਲਾਂ ਵਿੱਚ ਇਸ ਨੂੰ ਪੇਸਟ ਕਰ ਸਕਦਾ ਹੈ।




### 12.3 **ਕਦਮ** 3: **ਸਕੈਨ ਕਯੂ ਆਰ ਕੋਡ:**

ਈ-ਕੋਰਟਸ ਮੋਬਾਇਲ ਐਪ ਵਿੱਚ ਦਿੱਤੇ ਵਿਕਲਪ "ਸਕੈਨ ਕਯੂ ਆਰ ਕੋਡ" ਦੀ ਵਰਤੋਂ ਕਰਦਿਆਂ ਕੋਈ ਵੀ ਵਿਅਕਤੀ ਕੇਸ ਡਾਕਟ ਤੇ ਪੇਸਟ ਕੀਤਾ ਗਿਆ ਕਯੂ ਆਰ ਕੋਡ ਸਕੈਨ ਕਰ ਸਕਦਾ ਹੈ ਜੋ ਕਿ ਤੁਰੰਤ ਕੇਸ ਦੀ ਸਥਿਤੀ ਵਿਖਾਏਗਾ। ਇਹ ਕਯੂ ਆਰ ਕੋਡ ਸਕੈਨਿੰਗ ਐਡਵੋਕੇਟ ਦਫਤਰ ਅਤੇ ਕੰਪਨੀਆਂ/ਸਰਕਾਰੀ ਸੰਸਥਾ ਜਿੱਥੇ ਵੱਡੀ ਗਿਣਤੀ ਵਿੱਚ ਕੇਸ ਹਨ, ਲਈ ਲਾਭਦਾਇਕ ਹੋ ਸਕਦੀ ਹੈ। ਉਹ ਕਯੂ ਆਰ ਕੋਡ ਦਾ ਪ੍ਰਿੰਟ ਲੈ ਸਕਦੇ ਹਨ ਅਤੇ ਕੇਸ ਫਾਈਲਾਂ ਵਿੱਚ ਪੇਸਟ ਕਰ ਸਕਦੇ ਹਨ ਅਤੇ ਆਪਣੀ ਮੋਬਾਇਲ ਐਪ-ਸਕੈਨ ਕਯੂ ਆਰ ਕੋਡ, ਵਿਕਲਪ ਨਾਲ ਸਕੈਨ ਕਰ ਸਕਦੇ ਹਨ ਅਤੇ ਸਾਰੇ ਪੁਆਇੰਟ ਇੱਕ ਇੱਕ ਦਰਜ ਕੀਤੇ ਬਿਨਾਂ ਤੁਰੰਤ ਕੇਸ ਦੇ ਵੇਰਵੇ ਪ੍ਰਾਪਤ ਕਰ ਸਕਦੇ ਹਨ।

## 13. **ਐੱਸ.ਐਮ.ਐੱਸ ਦੁਆਰਾ ਕੇਸ ਦੀ ਸਥਿਤੀ ਪ੍ਰਾਪਤ ਕਰਨਾ ਜਿੱਥੇ ਕੋਈ ਇੰਟਰਨੈਟ ਨਹੀਂ ਹੈ:**

ਸਾਡੇ ਦੇਸ਼ ਵਿੱਚ, 50% ਤੋਂ ਵੱਧ ਲੋਕਾਂ ਤੱਕ ਇੰਟਰਨੈਟ ਦੀ ਪਹੁੰਚ ਨਹੀਂ ਹੈ। ਜਿਵੇਂ ਕਿ ਈ-ਕਮੇਟੀ ਦੇ ਚੇਅਰਮੈਨ

ਦੁਆਰਾ ਦੁਹਰਾਇਆ ਗਿਆ ਹੈ ਕਿ ਸਾਨੂੰ ਤਕਨੀਕੀ ਵੰਡ ਨੂੰ ਤੋੜਨ ਵਾਲੀ ਸੰਮਿਲਤ ਪ੍ਰਣਾਲੀ ਦੀ ਜ਼ਰੂਰਤ ਹੈ ਅਤੇ ਇਹ ਸੇਵਾ ਇਕ ਅਜਿਹੀ ਵਿਸ਼ੇਸ਼ਤਾ ਹੈ ਜੋ ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕਰਦੀ ਹੈ ਜਿਨ੍ਹਾਂ ਦੀ ਇੰਟਰਨੈਟ ਤੱਕ ਪਹੁੰਚ ਨਹੀਂ ਹੈ। ਜਦੋਂ ਤੁਹਾਡੇ ਕੋਲ ਇੰਟਰਨੈਟ ਕੁਨੈਕਸ਼ਨ ਨਹੀਂ ਹੁੰਦਾ, ਤਾਂ 9766899899 ਤੇ e-Courts<SPACE><YOUR CNR NUMBER> ਤੇ ਐੱਸ ਐਮ ਐੱਸ ਭੇਜ ਕੇ ਕੇਸ ਦੀ ਸਥਿਤੀ ਪ੍ਰਾਪਤ ਕੀਤੀ ਜਾ ਸਕਦੀ ਹੈ।




14. **ਈ-ਕੋਰਟਸ ਆਟੋਮੈਟਿਡ ਈਮੇਲ ਸੇਵਾਵਾਂ ਦੁਆਰਾ ਕੇਸ ਦੀ ਸਥਿਤੀ ਪ੍ਰਾਪਤ ਕਰਨਾ**:


ਹਾਲਾਂਕਿ ਆਟੋਮੈਟਿਡ ਈਮੇਲ ਸੇਵਾਵਾਂ ਦੀ ਸੇਵਾ ਈ-ਕੋਰਟਸ ਮੋਬਾਇਲ ਐਪ ਲਈ ਪ੍ਰਸੰਗ ਤੋਂ ਬਾਹਰ ਹੈ, ਫਿਰ ਵੀ, ਇਹ ਇੱਕ ਸਬੰਧਤ ਵਿਸ਼ੇਸ਼ਤਾ ਹੈ ਜੋ ਤੁਹਾਡੇ ਮੋਬਾਇਲ ਫੋਨ ਵਿੱਚ ਵੇਖਿਆ ਜਾ ਸਕਦਾ ਹੈ ਜੇ ਤੁਹਾਨੂੰ ਆਪਣੇ ਮੋਬਾਇਲ ਫੋਨ ਨਾਲ ਈਮੇਲ ਚੈੱਕ ਕਰਨ ਦੀ ਆਦਤ ਹੈ। ਇਸ ਆਕਰਸ਼ਕ ਆਟੋਮੈਟਿਡ ਈ-ਮੇਲ ਸੇਵਾ ਨੂੰ ਚਾਲੂ ਕਰਨ ਲਈ, ਧਿਰਾਂ ਅਤੇ ਵਕੀਲਾਂ ਨੂੰ ਆਪਣੀ ਈ-ਮੇਲ ਸਬੰਧਤ ਕੋਰਟ ਵਿੱਚ ਰਜਿਸਟਰ ਕਰਨੀ ਪੈਂਦੀ ਹੈ। ਰਜਿਸਟਰਡ ਉਪਭੋਗਤਾ ਕੇਸ ਦੀ ਅਪਡੇਟ, ਅਗਲੀ ਸੁਣਵਾਈ ਦੀਆਂ ਤਰੀਕਾਂ, ਆਦੇਸ਼ਾਂ ਅਤੇ ਨਿਰਣਿਆਂ ਦੀ ਕਾਪੀਆਂ ਅਤੇ ਕਾਜ਼ ਲਿਸਟ ਪ੍ਰਾਪਤ ਕਰਨਗੇ। ਅਵਿਨਾਸ਼ੀ ਸਬ ਕੋਰਟ ਵਿੱਚ ਵਕਾਲਤ ਕਰਦੀ ਇੱਕ ਵਕੀਲ ਇੱਕ ਦਿਨ ਆਈ ਅਤੇ ਖੁਸ਼ ਹੁੰਦਿਆਂ ਉਤੇਜ਼ਨਾ ਅਤੇ ਹੈਰਾਨੀ ਨਾਲ ਕੇਸ ਦੇ ਸੂਚੀਬੱਧ ਹੋਣ ਸੰਬੰਧੀ ਪਹਿਲੀ



ਆਟੋਮੈਟਿਡ ਈ-ਮੇਲ ਪ੍ਰਾਪਤ ਕਰਨ ਬਾਰੇ ਜਾਣਕਾਰੀ ਵੰਡੀ। ਉਕਤ ਸਕ੍ਰੀਨਸ਼ਾਟ ਨੂੰ ਇੱਥੇ ਪੜ੍ਹਨ ਵਾਲਿਆਂ ਨਾਲ ਸ਼ੇਅਰ ਕੀਤਾ ਜਾਂਦਾ ਹੈ। ਉਹ ਦਿਨ ਦੂਰ ਨਹੀਂ ਜਦੋਂ ਹਰ ਕੋਈ ਘਰ ਬੈਠੇ ਆਰਾਮ ਨਾਲ ਪ੍ਰਮਾਣਿਤ ਕਾਪੀਆਂ ਪ੍ਰਾਪਤ ਕਰ ਸਕਦਾ ਹੈ।

15. **ਕੋਰਟ ਕੰਪਲੈਕਸ ਲੋਕੇਟਰ:**

ਇੱਕ ਨਵਾਂ ਵਿਕਲਪ- ਈ-ਕੋਰਟਸ ਮੋਬਾਇਲ ਐਪਲੀਕੇਸ਼ਨ ਵਿੱਚ ਕੋਰਟ ਕੰਪਲੈਕਸ ਲੋਕੇਟਰ ਸ਼ਾਮਲ ਕੀਤਾ ਗਿਆ ਹੈ ਜੋ ਕਿ ਧਿਰਾਂ ਲਈ ਇੱਕ ਆਸਾਨ ਉਪਕਰਣ ਹੈ। ਜੇਕਰ ਇੱਕ ਧਿਰ ਦੂਰ ਸਥਿਤ ਕੋਰਟ ਤੋਂ ਸੰਮਨ ਪ੍ਰਾਪਤ ਕਰਦੀ ਹੈ ਅਤੇ ਉਹ ਕੋਰਟ ਦੀ ਲੋਕੇਸ਼ਨ ਤੋਂ ਅਣਜਾਣ ਹੈ ਤਾਂ ਉਹ ਕੋਰਟ ਕੰਪਲੈਕਸ ਲੋਕੇਟਰ ਦਾ ਪ੍ਰਯੋਗ ਕਰ ਸਕਦੀ ਹੈ ਅਤੇ ਉਹ ਕੋਰਟ ਦੀ ਲੋਕੇਸ਼ਨ ਮੈਪ ਤੇ ਲੱਭ ਸਕਦੀ ਹੈ ਅਤੇ ਉਹ ਇਸ ਕੋਰਟ ਕੰਪਲੈਕਸ ਲੋਕੇਟਰ ਵਿਕਲਪ ਦੀ ਵਰਤੋਂ ਕਰਦਿਆਂ ਕੋਰਟ ਵਿੱਚ ਪਹੁੰਚ ਸਕਦੀ ਹੈ। ਇਹ ਕੋਰਟ ਕੰਪਲੈਕਸ ਲੋਕੇਟਰ ਸਾਡੀ ਇੰਡੀਅਨ ਮੈਪਿੰਗ ਐਪ 'ਭੁਵਨ' ਤੇ ਕੰਮ ਕਰਦਾ ਹੈ ਅਤੇ ਇੱਥੇ ਹੇਠਾਂ ਕੋਇੰਬਟੂਰ ਵਿੱਖੇ ਸਥਿਤ ਕੋਰਟ ਦੀ ਖੋਜ ਕਰਨ ਦੇ ਸਕ੍ਰੀਨਸ਼ਾਟ ਵਿਖਾਏ ਗਏ ਹਨ।




16. **ਈ-ਕੋਰਟ ਮੋਬਾਇਲ ਐਪ ਮੀਨੂ ਵਿੱਚ ਵੱਖਰੇ ਲਿੰਕ**

ਈ-ਕੋਰਟਸ ਮੋਬਾਇਲ ਐਪ ਵਿੱਚ ਮੀਨੂ ਵਿਕਲਪਾਂ ਦੇ ਤਹਿਤ ਈ-ਕੋਰਟਸ ਸਰਵਿਸਿਜ਼ ਦੇ ਮਹੱਤਵਪੂਰਨ ਲਿੰਕ ਵੀ ਪ੍ਰਦਾਨ ਕੀਤੇ ਜਾਂਦੇ ਹਨ। ਤੁਸੀਂ ਹੇਠਾਂ ਦਿੱਤੇ ਲਿੰਕਾਂ ਤੱਕ ਪਹੁੰਚ ਕਰ ਸਕਦੇ ਹੋ:-

→ ਈ-ਪੇ

→ ਐਨ.ਜੇ.ਡੀ.ਜੀ.

→ ਈ-ਫਾਈਲਿੰਗ

→ ਇੰਡੀਆ ਕੋਡ

→ ਫਾਰਮਜ਼ ਫਾਰ ਐਡਵੋਕੇਟ


→ ਵਰਚੂਅਲ ਕੋਰਟਸ




ਇਹ ਸਾਰੇ ਲਿੰਕ ਈ-ਕੋਰਟਸ ਸਰਵਿਸਿਜ਼ ਵੈਬਸਾਈਟ ਤੇ ਉਪਲੱਬਧ ਹਨ। ਉਦਾਹਰਣ ਵਜੋਂ, ਜੇ ਕੋਈ ਆਨਲਾਈਨ ਜ਼ੁਰਮਾਨਾ ਅਦਾ ਕਰਨਾ ਚਾਹੁੰਦਾ ਹੈ, ਤਾਂ ਤੁਸੀ ਮੋਬਾਇਲ ਐਪ ਤੋਂ ਸਿੱਧੇ ਹੀ ਵਰਚੂਅਲ ਕੋਰਟਸ ਲਿੰਕ ਤੇ ਕਲਿੱਕ ਕਰ ਸਕਦੇ ਹੋ ਅਤੇ ਵਰਚੂਅਲ ਕੋਰਟਸ ਪੋਰਟਲ ਤੇ ਪਹੁੰਚ ਸਕਦੇ ਹੋ ਅਤੇ ਇੱਥੋਂ ਤੱਕ ਕਿ ਕੋਰਟਾਂ ਵਿੱਚ ਜਾਏ ਬਗੈਰ ਜ਼ੁਰਮਾਨਾ ਭਰ ਸਕਦੇ ਹੋ। ਲਿਹਾਜ਼ਾ ਇਹ ਲਿੰਕ ਰੀਅਲ ਰੈਡੀ ਰੈਕਨਰ ਵਜੋਂ ਵਰਤੇ ਜਾ ਸਕਦੇ ਹਨ।

**17.ਈ-ਕੋਰਟ ਮੋਬਾਇਲ ਐਪ ਵਿੱਚ ਈ-ਪੇ ਲਿੰਕ**

ਜਦੋਂ ਤੁਸੀ ਈ-ਪੇ ਵਿਕਲਪ ਤੇ ਕਲਿੱਕ ਕਰਦੇ ਹੋ, ਇਹ ਤੁਹਾਨੂੰ https://pay.eCourts.gov.in ਤੇ ਲੈ ਜਾਏਗਾ ਜਿੱਥੇ ਤੁਸੀ ਕੋਰਟ ਫੀਸਾਂ, ਜੁਡੀਸ਼ੀਅਲ ਡਿਪਾਜ਼ਿਟ, ਜ਼ੁਰਮਾਨਾ ਅਤੇ ਦੰਡ ਲਈ ਡਿਜੀਟਲ ਭੁਗਤਾਨ ਕਰ ਕਦੇ ਹੋ। ਤੁਸੀਂ ਆਪਣੇ ਸੀ ਐਨ ਆਰ ਨੰਬਰ ਜਾਂ ਕੇਸ ਨੰਬਰ ਜਾਂ ਆਪਣੇ ਮੋਬਾਇਨ ਨੰਬਰ ਦੀ ਵਰਤੋਂ ਕਰਦਿਆਂ



ਡਿਜੀਟਲ ਭੁਗਤਾਨ ਕਰ ਸਕਦੇ ਹੋ।

18. **ਈ-ਕੋਰਟਸ ਮੋਬਾਇਲ ਐਪ ਵਿੱਚ ਐਨ ਜੇ ਡੀ ਜੀ ਲਿੰਕ:**

ਜਦੋਂ ਤੁਸੀਂ ਐਨ. ਜੇ. ਡੀ. ਜੀ. ਬਟਨ ਤੇ ਕਲਿੱਕ ਕਰਦੇ ਹੋ ਤਾਂ ਇਹ ਤੁਹਾਨੂੰ ਸਿੱਧੇ ਤੌਰ ਤੇ https://njdg.e-Courts.gov.in ਤੇ ਲੈ ਜਾਵੇਗਾ ਜਿੱਥੇ ਤੁਸੀਂ ਹੇਠਾਂ ਦਿੱਤੇ


18.1 ਨੈਸ਼ਨਲ ਜੁਡੀਸ਼ੀਅਲ ਡਾਟਾ ਗੱਰਿਡ (ਜ਼ਿਲ੍ਹਾ ਅਤੇ ਤਾਲੁਕਾ ਅਦਾਲਤਾਂ)

18.2 ਨੈਸ਼ਨਲ ਜੁਡੀਸ਼ੀਅਲ ਡਾਟਾ ਗੱਰਿਡ (ਉੱਚ ਅਦਾਲਤਾਂ) ਦੇ ਵੇਰਵੇ ਪ੍ਰਾਪਤ ਕਰ ਸਕਦੇ ਹੋ।

ਐਨ.ਜੇ.ਡੀ.ਜੀ. ਦੀ ਵਰਤੋਂ ਕਰਦਿਆਂ, ਤੁਹਾਨੂੰ ਰਾਜ, ਫਿਰ ਜ਼ਿਲ੍ਹੇ ਦੀ ਚੋਣ ਕਰਨ ਦੀ ਜ਼ਰੂਰਤ ਹੈ ਅਤੇ ਡ੍ਰਿਲ-ਡਾਊਨ ਵਿਕਲਪ ਦੀ ਵਰਤੋਂ ਕਰਦਿਆਂ ਅਤੇ ਤੁਸੀਂ ਲੰਬਿਤ ਪਏ ਕੇਸਾਂ, ਨਿਪਟਾਰਾ ਕੀਤੇ ਗਏ ਕੇਸਾਂ, ਕੇਸ ਦੀ ਕਿਸਮ ਵਾਰ, ਪੜਾਅ ਵਾਰ ਆਦਿ ਬਾਰੇ ਵੇਰਵੇ ਪ੍ਰਾਪਤ ਕਰ ਸਕਦੇ ਹੋ। ਡ੍ਰਿਲ-ਡਾਊਨ ਵਿਕਲਪਾਂ ਦੀ ਵਰਤੋਂ ਕਰਨ ਲਈ ਮੋਬਾਇਲ ਦੀ ਵਰਤੋਂ ਕਰੋ।

| National Judicial Data Grid (District and Taluka Courts) | National Judicial Data Grid (High Courts) |
| --- | --- |
|  |  |


19. **ਈ-ਕੋਰਟਸ ਮੋਬਾਇਲ ਐਪ ਦੁਆਰਾ ਇੰਡੀਆ ਕੋਡ ਤੱਕ ਪਹੁੰਚ:-**





ਹੁਣ ਈ ਕੋਰਟਸ ਮੋਬਾਇਲ ਐਪਲੀਕੇਸ਼ਨ ਵਿੱਚ ਇੰਡੀਆ ਕੋਡ ਦੀ ਇੱਕ ਨਵੀਂ ਵਿਸ਼ੇਸ਼ਤਾ ਸ਼ਾਮਲ ਕੀਤੀ ਗਈ ਹੈ। ਜਿਸ ਦੇ ਤਹਿਤ ਇਸ ਦੀ ਵਰਤੋਂ ਕਰਨ ਵਾਲੇ ਸਾਰੇ ਸਟੈਚੂਟਸ, ਐਕਟਸ, ਰੈਗੁਲੇਸ਼ਨ, ਨੋਟੀਫਿਕੇਸ਼ਨ ਆਦਿ ਪ੍ਰਾਪਤ ਕਰ ਸਕਦੇ ਹਨ। ਇਹ ਤੁਹਾਡੇ ਹੈਂਡਸੈੱਟ ਵਿੱਚ ਸਾਰੇ ਬੇਅਰ ਐਕਟਾਂ ਦਾ ਇੱਕ ਵੱਡਾ ਰੈਡੀ ਰੈਕਨਰ ਹੈ। ਜਿਵੇਂ ਕਿ, ਜੇ ਤੁਸੀਂ ਸੀ ਪੀ ਸੀ ਵਿੱਚ ਕਿਸੇ ਭਾਗ ਦਾ ਹਵਾਲਾ ਦੇਣਾ ਚਾਹੁੰਦੇ ਹੋ ਤਾਂ ਇਹ ਇੱਥੇ ਦਰਸਾਏ ਅਨੁਸਾਰ ਮੋਬਾਇਲ ਐਪ ਲਿੰਕ ਤੋਂ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

19.1 **ਇੰਡੀਆ ਕੋਡ ਤੋਂ ਬੇਅਰ ਐਕਟਾਂ ਦੀ ਖੋਜ ਕਰਨਾ:-**

ਜੇ ਤੁਸੀਂ ਕਿਸੇ ਸਟੈਚੂਟ ਦੀ ਖੋਜ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸਰਚ ਬੋਕਸ ਵਿੱਚ ਸਰਚ ਕੋਡ ਟਾਈਪ ਕਰਨਾ ਪਏਗਾ ਅਤੇ ਤੁਸੀਂ ਇਹ ਇੰਡੀਆ ਕੋਡ ਤੋਂ ਪ੍ਰਾਪਤ ਕਰ ਸਕਦੇ ਹੋ। ਜਿਵੇਂ ਕਿ, ਜੇ ਤੁਹਾਨੂੰ ਕਰੀਮਨਲ ਪ੍ਰੋਸੀਜ਼ਰ ਕੋਡ ਜਾਂ ਸਿਵਲ ਪ੍ਰੋਸੀਜ਼ਰ ਕੋਡ ਚਾਹੀਦਾ ਹੈ ਤਾਂ ਤੁਸੀਂ ਇਸ ਨੂੰ ਬੋਕਸ ਵਿੱਚ ਟਾਈਪ ਕਰ ਸਕਦੇ ਹੋ ਅਤੇ ਪ੍ਰਾਪਤ ਕਰ ਸਕਦੇ ਹੋ।




## 20.ਈ ਕੋਰਟ ਮੋਬਾਇਲ ਐਪ ਵਿੱਚ ਈ-ਫਾਈਲਿੰਗ ਲਿੰਕ





ਤੁਸੀਂ ਈ-ਕੋਰਟ ਸਰਵਿਸਿਜ਼ ਜਿਵੇਂ ਈ-ਫਾਈਲਿੰਗ, ਈ-ਪੇਮੈਂਟ ਅਤੇ ਐਨ ਜੇ ਡੀ ਜੀ ਤੱਕ ਪਹੁੰਚ ਕਰ ਸਕਦੇ ਹੋ। ਇੱਕ ਵਾਰ ਜਦੋਂ ਤੁਸੀਂ ਈ-ਫਾਈਲਿੰਗ ਐਪਲੀਕੇਸ਼ਨ ਤੇ ਕਲਿੱਕ ਕਰੋਗੇ ਤਾਂ ਇਹ ਤੁਹਾਨੂੰ ਈ-ਫਾਈਲਿੰਗ ਪੋਰਟਲ https://e-filing.e-Courts.gov.in ਤੱਕ ਲੈ ਜਾਏਗਾ ਅਤੇ ਇੰਡੀਆ ਮੈਪ ਤੋਂ, ਤੁਸੀ ਆਪਣੇ ਸਬੰਧਤ ਰਾਜ ਦੀ ਚੋਣ ਕਰ ਸਕਦੇ ਹੋ ਅਤੇ ਕੇਸ ਈ-ਫਾਈਲਿੰਗ ਸ਼ੁਰੂ ਕਰੋ। ਤੁਸੀਂ ਈ-ਫਾਈਲਿੰਗ ਪੋਰਟਲ ਅਧੀਨ ਦਿੱਤੀਆਂ ਹੈਲਪ ਵੀਡਿਓਜ਼ ਅਤੇ ਟਯੂਟੋਰਿਅਲਜ਼ ਤੱਕ ਪਹੁੰਚ ਕਰ ਸਕਦੇ ਹੋ

ਅਤੇ ਆਪਣੇ ਕੇਸਾਂ ਦੀ ਈ-ਫਾਈਲਿੰਗ ਸ਼ੁਰੂ ਕਰ ਸਕਦੇ ਹੋ ਅਤੇ ਡਿਜੀਟਲ ਯੁਗ ਦੇ ਵਕੀਲ ਬਣ ਸਕਦੇ ਹੋ।

21. **ਈ-ਕੋਰਟਸ ਮੋਬਾਇਲ ਐਪ ਵਿੱਚ ਵਰਚੂਅਲ ਕੋਰਟਸ ਲਿੰਕ:-**

ਮੋਬਾਇਲ ਐਪਲੀਕੇਸ਼ਨ ਵਿੱਚ ਲਿੰਕ ਦੁਆਰਾ ਤੁਸੀਂ ਵਰਚੂਅਲ ਕੋਰਟਸ ਤੱਕ ਪਹੁੰਚ ਕਰ ਸਕਦੇ ਹੋ। ਵਰਚੂਅਲ ਕੋਰਟ ਪੋਰਟਲ ਤੇ ਦਿੱਤੀਆਂ ਸਰਵਿਸਿਜ਼ ਵਿੱਚ ਮੋਬਾਇਲ ਨੰਬਰ, ਸੀ ਐਨ ਆਰ, ਪਾਰਟੀ ਦਾ ਨਾਂ, ਚਲਾਨ ਅਤੇ ਗੱਡੀ ਨੰਬਰ ਦੁਆਰਾ ਖੋਜ ਸ਼ਾਮਲ ਹੈ। ਤੁਸੀਂ ਮੋਬਾਇਲ ਐਪਲੀਕੇਸ਼ਨ ਵਿੱਚ ਵਰਚੂਅਲ ਲਿੰਕ ਰਾਹੀਂ ਜੁਰਮਾਨਾ ਅਦਾ ਕਰ ਸਕਦੇ ਹੋ। ਇਸ ਤਰ੍ਹਾਂ ਮੋਟਰ ਐਕਸੀਡੈਂਟ ਕੇਸ ਵਿੱਚ ਤੁਸੀਂ ਵਰਚੂਅਲ ਕੋਰਟ ਪੋਰਟਲ ਤੇ ਲੋਗ ਇੰਨ ਕਰਕੇ ਅਤੇ ਕੋਰਟ ਵਿੱਚ ਜਾਏ ਬਿਨਾਂ ਕੇਸ ਦਾ ਨਿਪਟਾਰਾ ਕਰਨ ਲਈ ਜੁਰਮਾਨਾ ਅਦਾ ਕਰ ਸਕਦੇ ਹੋ।







## 22. **ਈ-ਕੋਰਟਸ ਮੋਬਾਇਲ ਐਪ ਵਿੱਚ ਵਕੀਲਾਂ ਦੇ ਫਾਰਮਾਂ ਲਈ ਲਿੰਕ**




ਈ-ਕੋਰਟਸ ਮੋਬਾਇਲ ਐਪਲੀਕੇਸ਼ਨ ਮੀਨੂ ਅਧੀਨ ਇੱਕ ਲਾਭਦਾਇਕ ਲਿੰਕ ਉਪਲੱਬਧ ਹੈ-ਵਕੀਲਾਂ ਲਈ ਫਾਰਮ ਜੋ ਕਿ ਇੱਕ ਨਵਾਂ ਅਡੀਸ਼ਨ ਹੈ। ਜੇਕਰ ਇਸ ਲਿੰਕ ਤੇ ਕਲਿੱਕ ਕੀਤਾ ਜਾਂਦਾ ਹੈ ਤਾਂ ਇਹ ਤੁਹਾਨੂੰ ਵਕੀਲਾਂ ਦੁਆਰਾ ਵਰਤੋਂ ਕੀਤੇ ਜਾਣ ਵਾਲੇ ਕਈ ਤਰ੍ਹਾਂ ਦੇ ਫਾਰਮਾਂ ਨਾਲ ਜੋੜੇਗਾ। ਉਦਾਹਰਣ: ਬੇਲ ਬਾਂਡ, ਕਾਪੀ ਐਪਲੀਕੇਸ਼ਨ ਫਾਰਮ (ਸੀ ਏ ਫਾਰਮ); ਕੇਸ ਇੰਨਫਰਮੇਸ਼ਨ ਫਾਰਮੈਟ, ਫਾਈਲਿੰਗ ਫਾਰਮ, ਇੰਨਡੈਕਸ ਫਾਰਮ, ਮੀਮੋ ਆਫ ਅਪੀਅਰੈਂਸ, ਦਸਤਾਵੇਜ਼ ਪੇਸ਼ ਕਰਨ ਲਈ ਨੋਟਿਸ, ਸ਼ਿਉਰਟੀ ਬਾਂਡ, ਵਕਾਲਤਨਾਮਾ ਬਾਂਡ। ਉਮੀਦ ਹੈ ਕਿ ਇਹ ਤੁਹਾਨੂੰ ਇਸ ਲਾਭਦਾਇਕ ਲਿੰਕ ਨੂੰ ਚੈਕ ਕਰਨ ਲਈ ਉਤਸੁਕ ਕਰੇਗਾ।

## 23. **ਹੈਲਪ ਵਿਕਲਪ:**




ਈ-ਕੋਰਟ ਸੇਵਾਵਾਂ ਅਧੀਨ ਵੱਖ-ਵੱਖ ਵਿਕਲਪਾਂ ਦੀ ਵਰਤੋਂ ਕਿਵੇਂ ਕੀਤੀ ਗਈ ਹੈ ਇਸ ਹੈਲਪ ਵਿਕਲਪ ਦੇ ਤਹਿਤ ਪ੍ਰਦਰਸ਼ਿਤ ਕੀਤਾ ਗਿਆ ਹੈ, ਜੋ ਸ਼ੰਕਾ ਪੈਦਾ ਹੋਣ ਤੇ ਸਹਾਇਤਾ ਕਰੇਗਾ। ਜਦੋਂ ਤੁਸੀ ਹੈਲਪ ਅਧੀਨ ਹਰ ਟੈਬ ਤੇ

ਕਲਿੱਕ ਕਰਦੇ ਹੋ, ਤਾਂ ਇਹ ਦਿੱਤੀਆਂ ਆਪਸ਼ਨਾਂ ਦੀ ਵਰਤੋਂ ਕਰਨ ਲਈ ਮਾਰਗਦਰਸ਼ਨ ਚਿੱਤਰ ਸਹਿਤ ਕਦਮ ਦਰਸਾਏਗਾ। ਉਦਾਹਰਣ; ਜੇ ਤੁਸੀ ਈ-ਕੋਰਟਸ ਸਰਵਿਸਿਜ਼ ਐਪ ਹੈਲਪ ਅਧੀਨ 'ਮਾਈ ਕੇਸਿਸ' ਟੈਬ ਤੇ ਕਲਿੱਕ ਕਰਦੇ ਹੋ, ਤਾਂ ਇਹ ਸਕ੍ਰੀਨਸ਼ਾਟ ਵਿੱਚ ਦਰਸਾਏ ਅਨੁਸਾਰ ਸਹਾਇਤਾ ਵੇਰਵਿਆਂ ਨੂੰ ਖੋਲ੍ਹ ਦੇਵੇਗਾ ਜੋ ਤੁਸੀ ਵਰਤ ਸਕਦੇ ਹੋ ਅਤੇ ਮੀਨੂ ਦੀ ਵਰਤੋਂ ਕਰਨਾ ਸ਼ੁਰੂ ਕਰ ਸਕਦੇ ਹੋ।

# ਈ-ਕੋਰਟਸ ਸਰਵਿਸਿਜ਼ ਮੋਬਾਇਲ ਐਪ

## ਇੰਡੀਆ ਦੀਆਂ ਉੱਚ ਅਦਾਲਤਾਂ/ਜ਼ਿਲ੍ਹਾ ਅਦਾਲਤਾਂ/ ਤਾਲੁਕਾ ਅਦਾਲਤਾਂ ਲਈ

***ਐਂਡਰਾਇਡ ਅਤੇ ਆਈ.ਓ.ਐਸ ਲਈ ਈ-ਕੋਰਟਸ ਸਰਵਿਸਿਜ਼ ਐਪ***

GET IT ON Google Play

Download on the App Store




- ਆਪਣੇ ਹੈਂਡਸੈਟਾਂ ਵਿੱਚ "ਮਾਈ ਕੇਸਿਸ" ਨਾਲ 24x7 ਕੇਸ ਦੀ ਸਥਿਤੀ, ਕਾਜ਼ ਲਿਸਟ, ਕੋਰਟ ਜੱਜਮੈਂਟ/ਆਰਡਰ ਪ੍ਰਾਪਤ ਕਰੋ ਅਤੇ ਕੇਸਾਂ ਨੂੰ ਸੇਵ ਕਰੋ
- ਪੂਰੀ ਕੇਸ ਹਿਸਟਰੀ ਪ੍ਰਾਪਤ ਕਰੋ
- ਆਪਣੇ ਜੱਜਮੈਂਟ / ਆਰਡਰ ਵੇਖੋ
- ਕੋਰਟ ਕੰਪਲੈਕਸ ਲੋਕੇਟਰ ਪ੍ਰਾਪਤ ਕਰੋ
- ਵਿਲੱਖਣ ਸੀ.ਐਨ.ਆਰ. ਨੰਬਰ ਨਾਲ ਕੇਸ ਦੀ ਖੋਜ ਕਰੋ। (http://services.ecourts.gov.in ਤੋਂ ਸੀ.ਐਨ.ਆਰ. ਨੰਬਰ ਪ੍ਰਾਪਤ ਕਰੋ)
- ਕਯੂ ਆਰ ਕੋਡ ਸਕੈਨ ਦੀ ਵਰਤੋਂ ਕਰਦਿਆਂ ਸਥਿਤੀ ਪਤਾ ਕਰੋ (http://services.ecourts.gov.in ਤੋਂ ਕਯੂ ਆਰ ਕੋਡ ਪ੍ਰਾਪਤ ਕਰੋ)
- ਕੇਸ ਨੰਬਰ / ਫ਼ਾਈਲਿੰਗ ਨੰਬਰ / ਐਫ.ਆਈ.ਆਰ. ਨੰਬਰ / ਪਾਰਟੀ ਦੇ ਨਾਂ / ਐਡਵੋਕੇਟ ਦੇ ਨਾਂ / ਐਕਟ / ਕੇਸ ਟਾਈਪ ਦੀ ਵਰਤੋਂ ਕਰਦਿਆਂ ਕੇਸ ਸਥਿਤੀ ਪਤਾ ਕਰੋ
- ਕਾਜ਼ ਲਿਸਟ ਪ੍ਰਾਪਤ ਕਰੋ
- 'ਮਾਈ ਕੇਸਿਸ' ਵਿਕਲਪ ਵਿੱਚ ਆਪਣੇ ਕੇਸ ਸਟੋਰ ਅਤੇ ਟ੍ਰੈਕ ਕਰੋ
- 'ਮਾਈ ਕੇਸਿਸ' ਵਿੱਚ 'ਟੁਡੇਜ਼ ਕੇਸਿਸ' ਬਾਰੇ ਅਲ੍ਰਟ ਪ੍ਰਾਪਤ ਕਰੋ
- ਕੈਲੰਡਰ ਵਿਕਲਪ ਪ੍ਰਾਪਤ ਕਰੋ

**ਡਾਊਨਲੋਡ**

ਈ-ਕਮੇਟੀ ਸੁਪਰੀਮ ਕੋਰਟ ਆਫ ਇੰਡੀਆ

ਈ-ਕੋਰਟਸ ਵੈੱਬ ਪੇਜ ਤੋਂ ਐਡਰਾਇਡ ਅਤੇ iOS ਲਈ
ਈ-ਕੋਰਟ ਮੋਬਾਇਲ ਐਪ
https://services.ecourts.gov.in